सत्यमेव जयते

# ਜੈਵਿਕ ਵਿਭਿੰਨਤਾ ਕਾਨੂੰਨ, 2002
# ਅਤੇ
# ਜੈਵਿਕ ਵਿਭਿੰਨਤਾ ਨਿਯਮ, 2004

ਕੌਮੀ ਜੈਵਿਕ ਵਿਭਿੰਨਤਾ ਅਥਾਰਟੀ, ਭਾਰਤ

सत्यमेव जयते

# ਜੈਵਿਕ ਵਿਭਿੰਨਤਾ ਕਾਨੂੰਨ, 2002

# ਅਤੇ

# ਜੈਵਿਕ ਵਿਭਿੰਨਤਾ ਨਿਯਮ, 2004

ਕੌਮੀ ਜੈਵਿਕ ਵਿਭਿੰਨਤਾ ਅਥਾਰਟੀ, ਭਾਰਤ

**Copyright @ ਪੰਜਾਬ ਜੈਵਿਕ ਵਿਭਿੰਨਤਾ ਬੋਰਡ, 2013**

ਜੈਵਿਕ ਵਿਭਿੰਨਤਾ ਕਾਨੂੰਨ, 2002 ਅਤੇ ਜੈਵਿਕ ਵਿਭਿੰਨਤਾ ਨਿਯਮ, 2004 ਭਾਰਤ ਸਰਕਾਰ ਵਲੋਂ ਅਧਿਸੂਚਿਤ ਕੀਤੇ ਗਏ ਹਨ ਅਤੇ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਵਲੋਂ ਪ੍ਰਕਾਸ਼ਿਤ ਕੀਤੇ ਗਏ ਹਨ। ਇਸ ਪੁਸਤਕ ਵਿੱਚ ਪੰਜਾਬ ਜੈਵਿਕ ਵਿਭਿੰਨਤਾ ਬੋਰਡ ਵਲੋਂ ਜੈਵਿਕ ਵਿਭਿੰਨਤਾ ਕਾਨੂੰਨ, 2002 ਅਤੇ ਜੈਵਿਕ ਵਿਭਿੰਨਤਾ ਨਿਯਮ, 2004 ਦਾ ਪੰਜਾਬੀ ਅਨੁਵਾਦ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਪ੍ਰਵਾਨਗੀ ਨਾਲ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਜੈਵਿਕ ਵਿਭਿੰਨਤਾ ਕਾਨੂੰਨ, 2002 ਅਤੇ ਜੈਵਿਕ ਵਿਭਿੰਨਤਾ ਨਿਯਮ, 2004 ਦੇ ਪੰਜਾਬੀ ਅਨੁਵਾਦ ਦਾ ਖਰੜਾ ਭਾਸ਼ਾ ਵਿਭਾਗ, ਪੰਜਾਬ ਦੁਆਰਾ ਤਿਆਰ ਕੀਤਾ ਗਿਆ ਸੀ ਜਿਸ ਨੂੰ ਪੰਜਾਬ ਜੈਵਿਕ ਵਿਭਿੰਨਤਾ ਬੋਰਡ ਨੇ ਉਪਰੋਕਤ ਕਾਨੂੰਨ ਅਤੇ ਨਿਯਮਾਂ ਵਿਚ ਦਰਸਾਏ ਗਏ ਵਿਗਿਆਨਿਕ ਪੱਖਾਂ ਦੇ ਅਨੁਸਾਰ ਅੰਤਿਮ ਰੂਪ ਦਿੱਤਾ ਹੈ। ਇਸ ਕਾਰਜ ਨੂੰ ਸਿਰੇ ਚਾੜ੍ਹਨ ਵਿਚ ਡਾ. ਨੀਲਿਮਾ ਜੈਰਥ, ਡਾ. ਸਤਨਾਮ ਸਿੰਘ ਲੱਧੜ ਅਤੇ ਸ਼੍ਰੀਮਤੀ ਨੀਲਮ ਸ਼ਰਮਾ ਵੱਲੋਂ ਦਿੱਤੀ ਗਈ ਯੋਗ ਅਗਵਾਈ ਅਤੇ ਸਹਿਯੋਗ ਲਈ ਬੋਰਡ ਧੰਨਵਾਦੀ ਹੈ। ਸ਼੍ਰੀਮਤੀ ਪ੍ਰਵੀਨ ਲਤਾ ਅਤੇ ਸ਼੍ਰੀ ਬਲਰਾਮ ਸ਼ਰਮਾ ਦਾ ਖਰੜੇ ਨੂੰ ਟਾਇਪ ਕਰਨ ਵਾਸਤੇ ਧੰਨਵਾਦ ਕੀਤਾ ਜਾਂਦਾ ਹੈ।

ਪੁਸਤਕ ਸੂਚੀ ਅਤੇ ਹਵਾਲਾ ਉਦੇਸ਼ ਲਈ ਇਸ ਪ੍ਰਕਾਸ਼ਨ ਦਾ ਹਵਾਲਾ, ਜੈਵਿਕ ਵਿਭਿੰਨਤਾ ਕਾਨੂੰਨ, 2002 ਅਤੇ ਜੈਵਿਕ ਵਿਭਿੰਨਤਾ ਨਿਯਮ, 2004, ਪੰਜਾਬੀ ਅਨੁਵਾਦ, ਪੰਜਾਬ ਜੈਵਿਕ ਵਿਭਿੰਨਤਾ ਬੋਰਡ, 2013 ਵਜੋਂ ਕੀਤਾ ਜਾ ਸਕਦਾ ਹੈ।

**ਤਿਆਰ ਕਰਤਾ : ਗੁਰਹਰਮਿੰਦਰ ਸਿੰਘ ਅਤੇ ਧੀਰਜ ਸਹਿਗਲ**

**ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਸੰਪਰਕ ਕਰੋ :**

**ਪੰਜਾਬ ਜੈਵਿਕ ਵਿਭਿੰਨਤਾ ਬੋਰਡ**
ਦਫਤਰ: ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਪ੍ਰੀਸ਼ਦ
MGSIPA ਕੰਪਲੈਕਸ, ਸੈਕਟਰ 26, ਚੰਡੀਗੜ੍ਹ-160019
ਫੋਨ: 0172-2792325, ਫੈਕਸ: 0172-2793143
ਵੈਬਸਾਇਟ: www.pbb.gov.in
ਇਮੇਲ: info@pbb.gov.in

**ਕੌਮੀ ਜੈਵਿਕ ਵਿਭਿੰਨਤਾ ਅਥਾਰਟੀ**
5 ਵੀ ਮੰਜ਼ਿਲ, ਟਾਇਸਲ ਬਾਊਪਾਰਕ, ਤਾਰਾਮਨੀ ਰੋਡ,
ਤਾਰਾਮਨੀ, ਚੈਨਈ-600013
ਫੋਨ: 044-22542777, ਫੈਕਸ: 044-22541200
ਵੈਬਸਾਇਟ: www.nbaindia.org
ਇਮੇਲ : secretary@nba.india.in

**DISCLAIMER**

Earnest efforts have been made to translate the information furnished in this publication in Punjabi as accurate as possible, but the Punjab Biodiversity Board will not be held responsible for any remaining inaccuracies or omissions or typographical errors. **Incase of any discrepancies, the English version of the Act will prevail.**

*Printied at:*
Azad Offset Printers (P) Ltd.
Plot No. 144, Press Site, Indl. Area, Phase-1, Chandigarh
Tel. : 0172-4611489, 2656144, 2657144, 9814011543
E-mail : aop144@gmail.com, azadoffsetprinters@yahoo.com
Website : www.azadoffsetprinters.com

# ਤਤਕਰਾ


| ਲੜੀ ਨੰ. | ਵਿਸ਼ਾ | ਪੰਨਾ ਨੰ. |
|---|---|---|
| 1 | **ਭੂਮਿਕਾ** | i |
| 2 | **ਜੈਵਿਕ ਵਿਭਿੰਨਤਾ ਕਾਨੂੰਨ, 2002** | 1 |
| | ਅਧਿਆਇ-1 ਆਰੰਭਿਕ | 2 |
| | ਅਧਿਆਇ-2 ਜੈਵਿਕ ਵਿਭਿੰਨਤਾ ਪ੍ਰਤੀ ਪਹੁੰਚ ਲਈ ਵਿਨਿਯਮ | 5 |
| | ਅਧਿਆਇ-3 ਕੌਮੀ ਜੈਵਿਕ ਵਿਭਿੰਨਤਾ ਅਥਾਰਟੀ | 8 |
| | ਅਧਿਆਇ-4 ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਕਾਰਜ ਅਤੇ ਸ਼ਕਤੀਆਂ | 13 |
| | ਅਧਿਆਇ-5 ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਵੱਲੋਂ ਪ੍ਰਵਾਨਗੀ | 14 |
| | ਅਧਿਆਇ-6 ਰਾਜ ਜੈਵਿਕ ਵਿਭਿੰਨਤਾ ਬੋਰਡ | 18 |
| | ਅਧਿਆਇ-7 ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਵਿੱਤ, ਖ਼ਾਤੇ ਅਤੇ ਲੇਖਾ ਜਾਂਚ | 21 |
| | ਅਧਿਆਇ-8 ਰਾਜ ਜੈਵਿਕ ਵਿਭਿੰਨਤਾ ਬੋਰਡ ਦੇ ਵਿੱਤ, ਖ਼ਾਤੇ ਅਤੇ ਲੇਖਾ ਜਾਂਚ | 23 |
| | ਅਧਿਆਇ-9 ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੇ ਕਰਤੱਵ | 25 |
| | ਅਧਿਆਇ-10 ਜੈਵਿਕ ਵਿਭਿੰਨਤਾ ਪ੍ਰਬੰਧਨ ਕਮੇਟੀਆਂ | 28 |
| | ਅਧਿਆਇ-11 ਸਥਾਨਕ ਜੈਵਿਕ ਵਿਭਿੰਨਤਾ ਫੰਡ | 29 |
| | ਅਧਿਆਇ-12 ਫੁਟਕਲ | 31 |
| 3 | **ਜੈਵਿਕ ਵਿਭਿੰਨਤਾ ਨਿਯਮ, 2004** | 43 |
| 4 | ਫਾਰਮ-I {ਨਿਯਮ-14} | 59 |
| 5 | ਫਾਰਮ-II {ਨਿਯਮ-17} | 62 |
| 6 | ਫਾਰਮ-III {ਨਿਯਮ-18} | 64 |
| 7 | ਫਾਰਮ-IV {ਨਿਯਮ-19} | 65 |
| 8 | ਫਾਰਮ-V {ਨਿਯਮ-23 (1)} | 66 |
| 9 | ਫਾਰਮ-VI {ਨਿਯਮ-28} | 68 |
| 10 | ਫਾਰਮ-VII {ਨਿਯਮ-24 (1)} | 69 |
| 11 | ਵਾਤਾਵਰਣ ਅਤੇ ਜੰਗਲਾਤ ਮੰਤਰਾਲੇ, ਨਵੀਂ ਦਿੱਲੀ ਵਲੋਂ ਜਾਰੀ ਅਧਿਸੂਚਨਾਵਾਂ | 71 |

# ਭੂਮਿਕਾ

ਜੈਵਿਕ ਵਿਭਿੰਨਤਾ ਵਿਚ ਧਰਤੀ ਉਪਰਲੇ ਸਮੁੱਚੇ ਜੀਵਨ ਦੀ ਵੰਨਗੀ ਸ਼ਾਮਲ ਹੈ। ਭਾਰਤ ਵਿਸ਼ਵ ਦੇ 12 ਮਹਾਨ ਜੈਵਿਕ ਵਿਭਿੰਨਤਾ ਵਾਲੇ ਦੇਸ਼ਾਂ ਵਿਚੋਂ ਇਕ ਹੈ। ਕੇਵਲ 2.5 ਪ੍ਰਤੀਸ਼ਤ ਭੂਮੀ ਖੇਤਰ ਹੋਣ ਤੇ ਵੀ ਭਾਰਤ ਵਿਚ ਹੀ ਵਿਸ਼ਵ ਦੀਆਂ 7.8 ਫੀਸਦੀ ਦਰਜ ਨਸਲਾਂ ਪਾਈਆਂ ਜਾਂਦੀਆਂ ਹਨ। ਆਪਣੇ ਪਰੰਪਰਿਕ ਅਤੇ ਸਥਾਨਿਕ ਗਿਆਨ (ਲਿਖਤੀ ਅਤੇ ਜ਼ੁਬਾਨੀ), ਕਰਕੇ ਵੀ ਭਾਰਤ ਅਮੀਰ ਮੰਨਿਆ ਜਾਂਦਾ ਹੈ।

ਭਾਰਤ ਜੈਵਿਕ ਵਿਭਿੰਨਤਾ ਸੰਬੰਧੀ ਕਨਵੈਨਸ਼ਨ (1992) ਦਾ ਇਕ ਮੈਂਬਰ ਦੇਸ਼ ਹੈ। ਆਪਣੇ ਜੈਵਿਕ ਸ੍ਰੋਤਾਂ ਦੀ ਵਰਤੋਂ ਲਈ ਰਾਜਕੀ ਕੁਲ ਅਧਿਕਾਰਾਂ ਨੂੰ ਮੰਨਦਿਆਂ ਕਨਵੈਨਸ਼ਨ ਇਹ ਉਮੀਦ ਕਰਦੀ ਹੈ ਕਿ ਮੈਂਬਰ ਦੇਸ਼ ਆਪਸੀ ਸਹਿਮਤੀ ਵਾਲੀਆਂ ਸ਼ਰਤਾਂ (ਸੀ.ਬੀ.ਡੀ ਦਾ ਅਨੁਛੇਦ 3 ਅਤੇ 15) ਮੁਤਾਬਿਕ ਜਨਣਕ ਸ੍ਰੋਤਾਂ ਲਈ ਪਹੁੰਚ/ਪ੍ਰਾਪਤੀ ਵਿਚ ਸਹਾਇਤਾ ਦੇਣਗੇ । ਜੈਵਿਕ ਵਿਭਿੰਨਤਾ ਕਨਵੈਨਸ਼ਨ ਦਾ ਅਨੁਛੇਦ 8 (ਜੇ), ਪਰੰਪਰਿਕ ਗਿਆਨ, ਵਿਵਹਾਰਾਂ ਅਤੇ ਨਵ-ਤਕਨੀਕਾਂ ਦੁਆਰਾ ਜੈਵਿਕ ਸ੍ਰੋਤਾਂ ਦੀ ਨਿਰੰਤਰ ਵਰਤੋਂ ਅਤੇ ਸੰਭਾਲ ਵਿਚ ਸਥਾਨਕ ਅਤੇ ਦੇਸੀ ਸਮੁਦਾਵਾਂ ਨੂੰ ਮਾਨਤਾ ਦਿੰਦਾ ਹੈ ਅਤੇ ਆਪਣੇ ਗਿਆਨ, ਵਿਵਹਾਰਾਂ ਅਤੇ ਨਵ-ਤਕਨੀਕਾਂ ਦੁਆਰਾ ਉੱਪਰ ਉੱਠ ਰਹੇ ਅਜਿਹੇ ਲੋਕਾਂ ਨੂੰ ਲਾਭਾਂ ਦੀ ਬਰਾਬਰ ਵੰਡ ਮੁਹੱਈਆ ਕਰਵਾਉਂਦਾ ਹੈ।

ਜੈਵਿਕ ਵਿਭਿੰਨਤਾ ਇਕ ਬਹੁ-ਖੇਤਰੀ ਵਿਸ਼ਾ ਹੈ, ਜਿਸ ਵਿਚ ਵਿਭਿੰਨ ਗਤੀਵਿਧੀਆਂ ਅਤੇ ਕਾਰਜ ਸ਼ਾਮਲ ਹਨ। ਜੈਵਿਕ ਵਿਭਿੰਨਤਾ ਵਿਚਲੇ ਹਿੱਸੇਦਾਰਾਂ (ਸਟੇਕ ਹੋਲਡਰਾਂ) ਵਿਚ ਕੇਂਦਰੀ ਸਰਕਾਰ, ਰਾਜ ਸਰਕਾਰਾਂ, ਸਥਾਨਕ ਸਵੈ ਸਰਕਾਰੀ ਸੰਗਠਨਾਂ ਦੀਆਂ ਸੰਸਥਾਵਾਂ, ਉਦਯੋਗ ਆਦਿ ਸ਼ਾਮਲ ਹਨ। ਭਾਰਤ ਦੇ ਸਾਹਮਣੇ ਸੱਭ ਤੋ ਵੱਡੀ ਚੁਣੌਤੀ ਇਸਨੂੰ ਇਕ ਉਪਕਰਣ ਵੱਜੋਂ ਗ੍ਰਹਿਣ ਕਰਨ ਦੀ ਹੈ, ਜੋ ਕਿ ਜੈਵਿਕ ਵਿਭਿੰਨਤਾ ਕਨਵੈਨਸ਼ਨ ਵਿਚ ਸ਼ਾਮਲ ਲਾਭਾਂ ਦੀ ਬਰਾਬਰ ਵੰਡ ਵਾਲੇ ਉਦੇਸ਼ਾਂ ਨੂੰ ਪੂਰਾ ਕਰਨ ਵਿਚ ਸਹਾਇਤਾ ਕਰਦੀ ਹੈ।

ਸਟੇਕ ਹੋਲਡਰਾਂ ਨਾਲ ਵਿਸਤ੍ਰਿਤ ਅਤੇ ਗੰਭੀਰ ਸਲਾਹ ਮਸ਼ਵਰੇ ਤੋਂ ਬਾਅਦ ਕੇਂਦਰੀ ਸਰਕਾਰ ਨੇ ਜੈਵਿਕ ਵਿਭਿੰਨਤਾ ਕਾਨੂੰਨ, 2002 ਨੂੰ ਨਿਮਨ ਵਿਸ਼ੇਸ਼ ਲੱਛਣਾਂ ਨਾਲ ਸਾਹਮਣੇ ਲਿਆਂਦਾ:

(i) ਜੈਵਿਕ ਸ੍ਰੋਤਾਂ ਦੀ ਵਰਤੋਂ ਵਿਚੋਂ ਪੈਦਾ ਹੋਣ ਵਾਲੇ ਲਾਭਾਂ ਦੇ ਬਰਾਬਰ ਹਿੱਸਿਆਂ ਦੀ ਪ੍ਰਾਪਤੀ ਦੇ ਉਦੇਸ਼ ਲਈ ਦੇਸ਼ ਦੇ ਜੈਵਿਕ ਸ੍ਰੋਤਾਂ ਅਤੇ ਸੰਬੰਧਿਤ ਗਿਆਨ ਪ੍ਰਤੀ ਪਹੁੰਚ ਨੂੰ ਵਿਨਿਯਮਿਤ ਕਰਨਾ;

(ii) ਜੈਵਿਕ ਵਿਭਿੰਨਤਾ ਦੀ ਸੰਭਾਲ ਅਤੇ ਨਿਰੰਤਰ ਵਰਤੋਂ;

(iii) ਜੈਵਿਕ ਵਿਭਿੰਨਤਾ ਨਾਲ ਸੰਬੰਧਿਤ ਸਥਾਨਕ ਸਮੁਦਾਵਾਂ ਦੇ ਗਿਆਨ ਦਾ ਸਤਿਕਾਰ ਅਤੇ ਸੰਭਾਲ;

(iv) ਜੈਵਿਕ ਸ੍ਰੋਤਾਂ ਦੀ ਵਰਤੋਂ ਨਾਲ ਸੰਬੰਧਿਤ ਜਾਣਕਾਰੀ ਅਤੇ ਜੈਵਿਕ ਸ੍ਰੋਤਾਂ ਅਤੇ ਜਾਣਕਾਰੀ ਦੇ ਸੰਭਾਲਕਾਰਾਂ ਵਜੋਂ ਸਥਾਨਕ ਲੋਕਾਂ ਨੂੰ ਲਾਭਾਂ ਦਾ ਉੱਚਿਤ ਹਿੱਸਾ ਮੁਹੱਈਆ ਕਰਵਾਉਣਾ;

(v) ਜੈਵਿਕ ਵਿਭਿੰਨਤਾ ਦੇ ਪੱਖ ਤੋਂ ਮਹੱਤਵਪੂਰਨ ਖੇਤਰਾਂ ਦੀ ਸੰਭਾਲ, ਵਿਕਾਸ ਅਤੇ ਉਹਨਾਂ ਨੂੰ ਜੈਵਿਕ ਵਿਭਿੰਨਤਾ ਵਿਰਾਸਤੀ ਸਥਾਨਾਂ ਵਜੋਂ ਘੋਸ਼ਿਤ ਕਰਨਾ;

(vi) ਖਤਰੇ ਦੀ ਹੱਦ ਤਕ ਪਹੁੰਚਦੀਆਂ ਜਾਂ ਖਤਮ ਹੋ ਰਹੀਆ ਨਸਲਾਂ ਦੀ ਸੁਰੱਖਿਆ ਅਤੇ ਪੁਨਰ ਵਾਸ;

(vii) ਕਮੇਟੀਆਂ ਦੇ ਗਠਨ ਦੁਆਰਾ ਜੈਵਿਕ ਵਿਭਿੰਨਤਾ ਕਾਨੂੰਨ ਦੀ ਵਿਸਤ੍ਰਿਤ ਸਕੀਮ ਨੂੰ ਅਮਲ ਵਿਚ ਲਿਆਉਣ ਲਈ ਰਾਜ ਸਰਕਾਰਾਂ ਦੀਆਂ ਸੰਸਥਾਵਾਂ ਨੂੰ ਸ਼ਾਮਲ ਕਰਨਾ ।

सत्यमेव जयते

# ਭਾਰਤ ਦਾ ਗਜ਼ਟ

ਵਿਸ਼ੇਸ਼

ਭਾਗ–II , ਸੈਕਸ਼ਨ 1

ਅਥਾਰਟੀ ਦੁਆਰਾ ਪ੍ਰਕਾਸ਼ਿਤ

**ਨਵੀਂ ਦਿੱਲੀ, ਬੁੱਧਵਾਰ, ਫਰਵਰੀ 5, 2003 / ਮਾਘ 16, 1924**

ਇਸ ਭਾਗ ਨੂੰ ਵੱਖਰਾ ਪੰਨਾ ਨੰ. ਦਿੱਤਾ ਜਾ ਰਿਹਾ ਹੈ ਤਾਂ ਜੋ ਇਸ ਨੂੰ ਵੱਖਰੇ ਸੰਕਲਨ ਦੇ ਤੌਰ ਤੇ ਫ਼ਾਈਲ ਕੀਤਾ ਜਾ ਸਕੇ ।

## ਕਾਨੂੰਨ ਅਤੇ ਨਿਆਂ ਮੰਤ੍ਰਾਲਾ

(ਵਿਧਾਨਕਾਰੀ ਵਿਭਾਗ)

ਨਵੀਂ ਦਿੱਲੀ, 5 ਫਰਵਰੀ, 2003 / ਮਾਘ 16, 1924 (ਸਾਕਾ)

ਸੰਸਦ ਦੇ ਇਸ ਨਿਮਨ ਕਾਨੂੰਨ ਨੂੰ 5 ਫਰਵਰੀ, 2003 ਨੂੰ ਮਾਨਯੋਗ ਰਾਸ਼ਟਰਪਤੀ ਦੀ ਪ੍ਰਵਾਨਗੀ ਪ੍ਰਾਪਤ ਹੋਈ ਅਤੇ ਇਹ ਆਮ ਜਾਣਕਾਰੀ ਲਈ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ।

# ਜੈਵਿਕ ਵਿਭਿੰਨਤਾ ਕਾਨੂੰਨ, 2002

2003 ਦਾ ਨੰ. 18

(5 ਫਰਵਰੀ, 2003)

ਜੈਵਿਕ ਵਿਭਿੰਨਤਾ ਦੀ ਸੰਭਾਲ, ਇਸ ਦੇ ਸੰਘਟਕਾਂ ਦੀ ਨਿਰੰਤਰ ਵਰਤੋਂ, ਜੈਵਿਕ ਸ੍ਰੋਤਾਂ ਨਾਲ ਸੰਬੰਧਿਤ ਜਾਣਕਾਰੀ ਅਤੇ ਇਸ ਨਾਲ ਸੰਬੰਧਿਤ ਮਾਮਲਿਆਂ ਵਿਚੋਂ ਪ੍ਰਾਪਤ ਹੋਣ ਵਾਲੇ ਲਾਭਾਂ ਦੀ ਬਰਾਬਰ ਵੰਡ ਅਤੇ ਸੰਬੰਧਿਤ ਘਟਨਾਕ੍ਰਮ ਲਈ ਰਚਿਆ ਗਿਆ ਕਾਨੂੰਨ ਹੈ ।

ਜਦੋਂ ਕਿ ਭਾਰਤ ਜੈਵਿਕ ਵਿਭਿੰਨਤਾ ਵਿਚ ਇਕ ਅਮੀਰ ਦੇਸ਼ ਹੈ ਅਤੇ ਪ੍ਰੰਪਰਿਕ ਅਤੇ ਸਮਕਾਲੀ ਜਾਣਕਾਰੀ ਪ੍ਰਣਾਲੀ ਇਸ ਨਾਲ ਸੰਬੰਧਿਤ ਹੈ;

ਅਤੇ ਜਦੋਂ ਕਿ ਭਾਰਤ 5 ਜੂਨ, 1992 ਨੂੰ ਰੀਓ ਡੀ ਜਿਨੇਰਿਓ ਵਿਖੇ ਹਸਤਾਖ਼ਰਿਤ, ਜੈਵਿਕ ਵਿਭਿੰਨਤਾ ਸੰਬੰਧੀ ਰਾਸ਼ਟਰਸੰਘ ਕਨਵੈਨਸ਼ਨ ਦਾ ਇੱਕ ਹਿੱਸਾ ਹੈ;

ਅਤੇ ਜਦੋਂ ਕਿ ਉਪਰੋਕਤ ਕਨਵੈਨਸ਼ਨ 29 ਦੰਸਬਰ, 1993 ਨੂੰ ਲਾਗੂ ਹੋਈ;

ਅਤੇ ਜਦੋਂ ਕਿ ਉਪਰੋਕਤ ਕਨਵੈਨਸ਼ਨ ਦੇਸ਼ਾਂ ਦੀ ਉਨ੍ਹਾਂ ਦੇ ਜੈਵਿਕ ਸ੍ਰੋਤਾਂ ਉਪਰ ਅਧਿਕਾਰਾਂ ਦੀ ਮੁੜ ਪੁਸ਼ਟੀ ਕਰਦੀ ਹੈ;

ਅਤੇ ਜਦੋਂ ਕਿ ਉਪਰੋਕਤ ਕਨਵੈਨਸ਼ਨ ਦਾ ਮੁੱਖ ਉਦੇਸ਼ ਹੈ, ਜੈਵਿਕ ਵਿਭਿੰਨਤਾ ਦੀ ਸੰਭਾਲ, ਇਸ ਦੇ ਸੰਘਟਕਾਂ ਦੀ ਸਥਾਈ ਵਰਤੋਂ ਅਤੇ ਜਣਨਕ ਸ੍ਰੋਤਾਂ ਦੀ ਵਰਤੋਂ ਵਿਚ ਪ੍ਰਾਪਤ ਲਾਭਾਂ ਦੀ ਬਰਾਬਰ ਵੰਡ;

ਅਤੇ ਜਦੋਂ ਕਿ ਜਣਨਕ ਸਰੋਤਾਂ ਦੀ ਸਾਂਭ-ਸੰਭਾਲ, ਨਿਰੰਤਰ ਉਪਯੋਗ ਅਤੇ ਇਹਨਾਂ ਤੋਂ ਹੋਣ ਵਾਲੇ ਲਾਭਾਂ ਦੀ ਬਾਰਬਰ ਵੰਡ ਮੁਹੱਈਆ ਕਰਾਉਣ ਉਪਰੰਤ ਉਪਰੋਕਤ ਕਨਵੈਨਸ਼ਨ ਨੂੰ ਅਮਲੀ ਰੂਪ ਦੇਣਾ ਵੀ ਜ਼ਰੂਰੀ ਸਮਝਿਆ ਗਿਆ ਹੈ;

ਇਸ ਦਾ ਵਿਧੀਕਰਨ ਸੰਸਦ ਵੱਲੋਂ ਭਾਰਤ ਗਣਰਾਜ ਦੇ 53ਵੇਂ ਸਾਲ ਵਿੱਚ ਨਿਮਨ ਅਨੁਸਾਰ ਕੀਤਾ ਗਿਆ ਹੈ:–

ਅਧਿਆਇ-1

# ਆਰੰਭਿਕ

**ਸਿਰਲੇਖ**

**1.** (1) ਇਸ ਕਾਨੂੰਨ ਨੂੰ ਜੈਵਿਕ ਵਿਭਿੰਨਤਾ ਕਾਨੂੰਨ, 2002 ਕਿਹਾ ਜਾ ਸਕਦਾ ਹੈ।

(2) ਇਹ ਸਮੁੱਚੇ ਭਾਰਤ ਤੇ ਲਾਗੂ ਹੋਵੇਗਾ ।

(3) ਇਹ ਉਸ ਮਿਤੀ ਤੋਂ ਲਾਗੂ ਹੋਵੇਗਾ ਜੋ ਕਿ ਕੇਂਦਰ ਸਰਕਾਰ ਵੱਲੋਂ ਅਧਿਸੂਚਨਾ ਦੁਆਰਾ ਸਰਕਾਰੀ ਗਜ਼ਟ ਵਿਚ ਦਿੱਤੀ ਜਾਵੇਗੀ ।

ਪਰ ਸ਼ਰਤ ਇਹ ਹੈ ਕਿ ਇਸ ਕਾਨੂੰਨ ਦੇ ਵੱਖ ਵੱਖ ਉਪਬੰਧਾਂ ਲਈ ਵੱਖ ਵੱਖ ਮਿਤੀਆਂ ਨਿਯੁਕਤ ਕੀਤੀਆਂ ਜਾ ਸਕਦੀਆਂ ਹਨ ਅਤੇ ਇਸ ਕਾਨੂੰਨ ਦੀ ਸ਼ੁਰੂਆਤ ਸੰਬੰਧੀ ਅਜਿਹੇ ਕਿਸੇ ਉਪਬੰਧ ਵਿਚ ਕੋਈ ਹਵਾਲਾ ਇਨ੍ਹਾਂ ਉਪਬੰਧਾ ਦੇ ਹੋਂਦ ਵਿਚ ਆਉਣ ਵਾਲੇ ਉਪਬੰਧ ਹਵਾਲੇ ਵਜੋਂ ਸ਼ਾਮਲ ਕੀਤਾ ਜਾਵੇਗਾ।

**ਪਰਿਭਾਸ਼ਾਵਾਂ**

**2.** ਇਸ ਕਾਨੂੰਨ ਵਿਚ, ਜੇਕਰ ਸੰਦਰਭ ਹੋਰ ਤਰ੍ਹਾਂ ਮੰਗ ਨਾਂ ਕਰਦਾ ਹੋਵੇ:

(ੳ) 'ਲਾਭ ਪ੍ਰਾਪਤ' ਕਰਨ ਵਾਲਿਆਂ ਤੋਂ ਭਾਵ ਜੈਵਿਕ ਸ੍ਰੋਤਾਂ ਦੇ ਸੰਭਾਲ-ਕਰਤਾ, ਜੈਵਿਕ ਸ੍ਰੋਤਾਂ ਤੋਂ ਬਣੇ ਉਤਪਾਦ, ਜਾਣਕਾਰੀ, ਨਵੀਆਂ ਤਕਨੀਕਾਂ ਦੀ ਵਰਤੋਂ ਅਤੇ ਅਮਲ ਨਾਲ ਸੰਬੰਧਿਤ ਵਿਵਹਾਰਾਂ ਦੁਆਰਾ ਲਾਭ ਪ੍ਰਾਪਤ ਕਰਨ ਵਾਲਿਆਂ ਤੋਂ ਹੈ।

(ਅ) 'ਜੈਵਿਕ ਵਿਭਿੰਨਤਾ' ਤੋਂ ਭਾਵ ਹੈ, ਸਾਰੇ ਸ੍ਰੋਤਾਂ ਤੋਂ ਪ੍ਰਾਪਤ ਜੀਵਾਂ ਵਿਚ ਪਾਈ ਜਾਂਦੀ ਵੱਖਰਤਾ ਤੋਂ ਹੈ ਜਿਸ ਦਾ ਕਿ ਉਹ ਹਿੱਸਾ ਹਨ ਅਤੇ ਇਹ ਵਿਭਿੰਨਤਾ ਇਹਨਾਂ ਵੰਨਗੀਆ ਜਾਂ ਪਰਿਆਵਰਣਕ ਪ੍ਰਣਾਲੀਆਂ ਵਿਚੋਂ ਉਭਰਦੀ ਹੈ।

(ੲ) 'ਜੈਵਿਕ ਸ੍ਰੋਤਾਂ' ਤੋਂ ਭਾਵ ਹੈ, ਪੌਦੇ, ਜਾਨਵਰ ਅਤੇ ਸੂਖ਼ਮ ਜੀਵ ਜਾਂ ਇਸ ਦੇ ਹਿੱਸੇ, ਉਹਨਾਂ ਦੀ ਜਣਨਕ ਸਮੱਗਰੀ ਅਤੇ ਸੰਬੰਧਿਤ ਉਤਪਾਦ (ਵੈਲਯੂ ਏਡਡ ਉਤਪਾਦ ਤੋਂ ਇਲਾਵਾ) ਵਾਸਤਵਿਕ ਜਾਂ ਸਮਰੱਥਾ

ਜਾਂ ਮਹੱਤਤਾ ਪ੍ਰੰਤੂ ਇਸ ਵਿਚ ਮਨੁੱਖੀ ਜਣਨਕ ਸਮੱਗਰੀ ਸ਼ਾਮਲ ਨਹੀਂ ਹੈ।

(ਸ) 'ਜੈਵਿਕ ਸਰਵੇਖਣ ਅਤੇ ਜੈਵਿਕ ਵਰਤੋਂ" ਤੋਂ ਭਾਵ ਹੈ ਵੰਨਗੀਆਂ, ਉਪਵੰਨਗੀਆਂ, ਜੀਨਜ਼, ਜੀਵ ਸ੍ਰੋਤਾਂ ਦੇ ਸੰਘਟਕਾਂ ਦਾ ਕਿਸੇ ਉਦੇਸ਼ ਲਈ ਸਰਵੇ ਕਰਨਾ ਜਾਂ ਇਕੱਤਰਣ ਕਰਨਾ ਅਤੇ ਇਸ ਵਿਚ ਇਹਨਾਂ ਦਾ ਵੰਨਗੀ ਵਰਣਨ, ਸੂਚੀਕਰਣ ਅਤੇ ਬਾਇਓਐਸੇ ਆਦਿ ਸ਼ਾਮਲ ਹਨ।

(ਹ) 'ਚੇਅਰ ਪਰਸਨ' ਤੋਂ ਭਾਵ ਹੈ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦਾ ਚੇਅਰ ਪਰਸਨ ਜਾਂ ਰਾਜ ਜੈਵਿਕ ਵਿਭਿੰਨਤਾ ਬੋਰਡ ਦਾ, ਜਿਵੇਂ ਵੀ ਕੇਸ ਹੋਵੇ।

(ਕ) 'ਵਪਾਰਕ ਵਰਤੋਂ" ਤੋਂ ਭਾਵ ਹੈ, ਵਪਾਰਕ ਵਰਤੋਂ ਲਈ ਜੈਵਿਕ ਸ੍ਰੋਤਾਂ ਦੀ ਵਰਤੋਂ ਜਿਵੇਂ ਕਿ ਦਵਾਈਆਂ, ਉਦਯੋਗਿਕ ਐਨਜ਼ਾਈਮਾਂ, ਖ਼ੁਰਾਕੀ ਜ਼ਾਇਕੇ, ਸੁਗੰਧੀ, ਕਾਸਮੈਟਿਕਸ, ਇਮਲਸੀਫਾਇਰ, ਓਲੀਓਰੈਜ਼ਿਨ, ਰੰਗ, ਨਿਚੋੜ ਅਤੇ ਜੀਨਜ ਦੀ ਵਰਤੋਂ ਰਾਹੀਂ ਫਸਲਾਂ ਦਾ ਅਤੇ ਪਸ਼ੂ ਧਨ ਦਾ ਸੁਧਾਰ ਕਰਨਾ ਪਰੰਤੂ ਇਸ ਵਿੱਚ ਕਿਸੇ ਪਰੰਪਰਿਕ ਖੇਤੀਬਾੜੀ, ਬਾਗਬਾਨੀ, ਮੁਰਗੀ ਪਾਲਣ, ਡੇਅਰੀ ਫਾਰਮਿੰਗ, ਪਸ਼ੂ ਪਾਲਣ ਅਤੇ ਮਧੂ ਮੱਖੀ ਪਾਲਣ ਵਿੱਚ ਵਰਤੇ ਜਾਂਦੇ ਪਰੰਪਰਿਕ ਪ੍ਰਜਣਨ ਜਾਂ ਪਰੰਪਰਿਕ ਵਿਵਹਾਰ ਸ਼ਾਮਲ ਨਹੀਂ ਹਨ ।

(ਖ) 'ਸਹੀ ਅਤੇ ਬਰਾਬਰ ਲਾਭ-ਵੰਡ' ਤੋਂ ਭਾਵ ਹੈ ਖੰਡ 21 ਅਧੀਨ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਵੱਲੋਂ ਨਿਰਧਾਰਤ ਲਾਭ ਜਾਂ ਹਿੱਸੇ ।

(ਗ) 'ਸਥਾਨਕ ਸੰਸਥਾਵਾਂ' ਤੋਂ ਭਾਵ ਹੈ, ਪੰਚਾਇਤਾਂ ਅਤੇ ਨਗਰਪਾਲਿਕਾ, ਭਾਵੇਂ ਕਿਸੇ ਵੀ ਨਾਂ ਨਾਲ ਬੁਲਾਈਆਂ ਜਾਂਦੀਆਂ ਹੋਣ, ਸੰਵਿਧਾਨ ਦੇ ਅਨੁਛੇਦ 243 ਬੀ ਦੀ ਧਾਰਾ 1 ਅਤੇ ਅਨੁਛੇਦ 243 ਕਿਯੂ ਦੀ ਧਾਰਾ 1 ਅਨੁਸਾਰ ਅਤੇ ਕਿਸੇ ਪੰਚਾਇਤ ਜਾਂ ਨਗਰਪਾਲਿਕਾ ਨਾ ਹੋਣ ਦੀ ਸੂਰਤ ਵਿੱਚ ਸੰਵਿਧਾਨ ਜਾਂ ਕਿਸੇ ਕੇਂਦਰੀ ਕਾਨੂੰਨ ਜਾਂ ਰਾਜ ਕਾਨੂੰਨ ਦੇ ਕਿਸੇ ਹੋਰ ਉਪਬੰਧ ਅਧੀਨ ਸਵੈ-ਸ਼ਾਸਿਤ ਸੰਗਠਿਤ ਸੰਸਥਾਵਾਂ।

(ਘ) 'ਮੈਂਬਰ' ਤੋਂ ਭਾਵ ਹੈ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਜਾਂ ਰਾਜ ਜੈਵਿਕ ਵਿਭਿੰਨਤਾ ਬੋਰਡ ਦਾ ਮੈਂਬਰ ਅਤੇ ਇਸ ਵਿਚ ਚੇਅਰਪਰਸਨ ਵੀ ਸ਼ਾਮਲ ਹੈ।

(ਙ) 'ਕੌਮੀ ਜੈਵਿਕ ਵਿਭਿੰਨਤਾ ਅਥਾਰਟੀ' ਤੋਂ ਭਾਵ ਹੈ ਖੰਡ 8 ਅਧੀਨ ਸਥਾਪਤ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ।

(ਚ) 'ਨਿਰਧਾਰਿਤ' ਤੋਂ ਭਾਵ ਹੈ ਕਾਨੂੰਨ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਨਿਰਧਾਰਤ ।

(ਛ) 'ਵਿਨਿਯਮਾਂ' ਤੋਂ ਭਾਵ ਹੈ ਕਾਨੂੰਨ ਅਧੀਨ ਬਣਾਏ ਵਿਨਿਯਮ ।

(ਜ) 'ਖੋਜ' ਤੋਂ ਭਾਵ ਹੈ ਕਿਸੇ ਜੈਵਿਕ ਸ੍ਰੋਤ ਜਾਂ ਤਕਨੀਕੀ ਵਿਵਹਾਰ ਦਾ ਅਧਿਐਨ ਜਾਂ ਯੋਜਨਾਬੱਧ ਜਾਂਚ ਜਿਹੜਾ ਕਿ ਜੀਵਤ ਪ੍ਰਾਣੀ ਜਾਂ ਇਸ ਨਾਲ ਸੰਬੰਧਿਤ ਹੋਰ ਵੰਨਗੀਆਂ ਦੀ ਵਰਤੋਂ ਕਰਦਾ ਹੋਵੇ ਤਾਂ ਜੋ ਕਿਸੇ ਵਰਤੋਂ ਲਈ ਉਤਪਾਦਾਂ ਜਾਂ ਪ੍ਰਕ੍ਰਿਆਵਾਂ ਵਿੱਚ ਸੁਧਾਰ ਕੀਤਾ ਜਾ ਸਕੇ ।

(ਝ) 'ਰਾਜ ਜੈਵਿਕ ਵਿਭਿੰਨਤਾ ਬੋਰਡ' ਤੋਂ ਭਾਵ ਹੈ ਖੰਡ 22 ਅਧੀਨ ਸਥਾਪਤ ਰਾਜ ਜੈਵਿਕ ਵਿਭਿੰਨਤਾ ਬੋਰਡ ।

(ਞ) 'ਨਿਰੰਤਰ' ਤੋਂ ਭਾਵ ਹੈ ਜੈਵਿਕ ਵਿਭਿੰਨਤਾ ਦੀ ਅਜਿਹੇ ਢੰਗ ਅਤੇ ਅਜਿਹੀ ਦਰ ਨਾਲ ਵਰਤੋਂ ਜੋ ਕਿ ਜੈਵਿਕ ਵਿਭਿੰਨਤਾ ਨੂੰ ਲੰਮੇ ਸਮੇਂ ਤੱਕ ਪਤਨ ਤੋਂ ਬਚਾਈ ਰੱਖਦੀ ਹੈ ਅਤੇ ਮੌਜੂਦਾ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਇਸ ਦੀ ਲੋੜ ਅਤੇ ਇਛਾਵਾਂ ਦੀ ਪੂਰਤੀ ਲਈ ਉਸਦੀ ਸਮਰੱਥਾ ਨੂੰ ਸਾਂਭ ਕੇ ਰੱਖਦੀ ਹੈ ।

(ਟ) 'ਵੈਲਿਯੂ ਐਡਿਡ ਪ੍ਰੋਡਕਟਸ' ਤੋਂ ਭਾਵ ਉਹਨਾਂ ਉਤਪਾਦਾਂ ਤੋਂ ਹੈ ਜਿਨਾਂ ਵਿਚ ਪੌਦਿਆਂ ਅਤੇ ਜਾਨਵਰਾਂ ਦੇ ਹਿੱਸੇ ਜਾਂ ਨਿਚੋੜ ਪਛਾਣ ਰਹਿਤ ਅਤੇ ਪਦਾਰਥਕ ਅਨਿੱਖੜਵੇਂ ਰੂਪ ਵਿਚ ਸ਼ਾਮਲ ਹੋਣ ।

ਅਧਿਆਇ 2

# ਜੈਵਿਕ ਵਿਭਿੰਨਤਾ ਪ੍ਰਤੀ ਪਹੁੰਚ ਲਈ ਵਿਨਿਯਮ

**ਖ਼ਾਸ ਵਿਅਕਤੀ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਪਰਵਾਨਗੀ ਤੋਂ ਬਿਨਾਂ ਜੈਵਿਕ ਵਿਭਿੰਨਤਾ ਨਾਲ ਸੰਬੰਧਿਤ ਗਤੀਵਿਧੀਆਂ ਨਹੀਂ ਕਰ ਸਕਦੇ।**

**3.** (1) ਉਪਖੰਡ (2) ਵਿਚ ਦਰਸਾਇਆ ਕੋਈ ਵੀ ਵਿਅਕਤੀ ਕੌਮੀ ਜੈਵਿਕ ਵਿਭਿੰਨਤਾ ਦੀ ਪੂਰਵ ਪਰਵਾਨਗੀ ਤੋਂ ਬਿਨਾਂ ਖੋਜ ਜਾਂ ਵਪਾਰਕ ਵਰਤੋਂ ਜਾਂ ਜੈਵਿਕ ਸਰਵੇ ਜਾਂ ਜੈਵਿਕ ਵਿਭਿੰਨਤਾ ਦੀ ਵਰਤੋਂ ਲਈ ਭਾਰਤ ਵਿੱਚ ਜੈਵਿਕ ਸ੍ਰੋਤਾਂ ਨੂੰ ਪ੍ਰਾਪਤ ਨਹੀਂ ਕਰੇਗਾ ।

(2) ਜਿਹੜੇ ਵਿਅਕਤੀਆਂ ਨੂੰ ਉਪ ਖੰਡ (1) ਦੇ ਅਧੀਨ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਪਰਵਾਨਗੀ ਦੀ ਜ਼ਰੂਰਤ ਹੋਵੇਗੀ ਉਹ ਨਿਮਨ ਅਨੁਸਾਰ ਹਨ, ਅਰਥਾਤ :

(ੳ) ਉਹ ਵਿਅਕਤੀ ਜੋ ਭਾਰਤ ਦਾ ਨਾਗਰਿਕ ਨਾ ਹੋਵੇ।

**1961 ਦਾ 43**

(ਅ) ਭਾਰਤ ਦਾ ਨਿਵਾਸੀ ਜਿਹੜਾ ਕਿ ਆਮਦਨ ਕਰ ਕਾਨੂੰਨ, 1961 ਦੇ ਖੰਡ (2) ਦੀ ਧਾਰਾ 30 ਵਿਚ ਦਰਸਾਏ ਅਨੁਸਾਰ ਗ਼ੈਰ ਰਿਹਾਇਸ਼ੀ ਹੋਵੇ ।

(ੲ) ਕੋਈ ਕਾਰਪੋਰੇਟ ਸੰਸਥਾ, ਐਸੋਸੀਏਸ਼ਨ ਜਾਂ ਸੰਗਠਨ ਜੋ ਕਿ:

(i) ਭਾਰਤ ਵਿਚ ਨਿਗਮਿਤ ਜਾਂ ਰਜਿਸਟਰਡ ਨਾ ਹੋਵੇ; ਜਾਂ

(ii) ਭਾਰਤ ਵਿਚ ਨਿਰਧਾਰਿਤ ਸਮੇਂ ਲਈ ਕਿਸੇ ਕਾਨੂੰਨ ਅਧੀਨ ਨਿਗਮਿਤ ਜਾਂ ਰਜਿਸਟਰਡ ਹੋਵੇ; ਜਿਸਦੇ ਪੂੰਜੀਗਤ ਹਿੱਸੇ ਜਾਂ ਪ੍ਰਬੰਧ ਵਿਚ ਗ਼ੈਰ ਭਾਰਤੀ ਸ਼ਮੂਲੀਅਤ ਹੋਵੇ।

**ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਪਰਵਾਨਗੀ ਤੋਂ ਬਿਨਾਂ ਖੋਜ ਦੇ ਨਤੀਜੇ ਖ਼ਾਸ ਵਿਅਕਤੀਆਂ ਨੂੰ ਨਹੀਂ ਦਿੱਤੇ ਜਾ ਸਕਦੇ।**

**4.** ਕੋਈ ਵੀ ਵਿਅਕਤੀ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਪੂਰਵ ਪਰਵਾਨਗੀ ਤੋਂ ਬਿਨਾਂ ਵਿੱਤੀ ਲਾਭ ਜਾਂ ਹੋਰ ਕਿਸੇ ਪ੍ਰਾਪਤੀ ਲਈ ਕਿਸੇ ਜੈਵਿਕ ਸ੍ਰੋਤ ਨਾਲ ਸੰਬੰਧਿਤ ਖੋਜ ਜਾਂ ਨਤੀਜਿਆਂ ਨੂੰ ਕਿਸੇ ਹੋਰ ਵਿਅਕਤੀ ਨੂੰ ਨਹੀਂ ਦੇਵੇਗਾ ਜਿਹੜਾ ਕਿ ਭਾਰਤ ਦਾ ਨਾਗਰਿਕ ਨਾ ਹੋਵੇ ਜਾਂ ਆਮਦਨ ਕਰ ਕਾਨੂੰਨ, 1961 ਦੇ ਖੰਡ (2) ਦੀ ਧਾਰਾ

**1961 ਦਾ 43**

30 ਵਿੱਚ ਪ੍ਰੀਭਾਸ਼ਿਤ ਕੀਤੇ ਅਨੁਸਾਰ ਗ਼ੈਰ ਪ੍ਰਵਾਸੀ ਹੋਵੇ ਜਾਂ ਨਿਗਮਿਤ ਸੰਸਥਾ ਜਾਂ ਸੰਗਠਨ ਹੋਵੇ ਜੋ ਕਿ ਭਾਰਤ ਵਿਚ ਰਜਿਸਟਰਡ ਨਾ ਹੋਇਆ ਹੋਵੇ ਜਾਂ ਜਿਸ ਦੀ ਇਸ ਦੇ ਪੂੰਜੀਗਤ ਹਿੱਸੇ ਜਾਂ ਪ੍ਰਬੰਧ ਵਿਚ ਕੋਈ ਗ਼ੈਰ ਭਾਰਤੀ ਸ਼ਮੂਲੀਅਤ ਨਾ ਹੋਵੇ ।

**ਵਿਆਖਿਆ:** ਇਸ ਖੰਡ ਦੇ ਉਦੇਸ਼ਾਂ ਲਈ ਟ੍ਰਾਂਸਫਰ (ਅੱਗੇ ਦੇਣਾ) ਵਿਚ ਖੋਜ ਪੇਪਰਾਂ ਦੀ ਪ੍ਰਕਾਸ਼ਨਾ ਜਾਂ ਕਿਸੇ ਸੈਮੀਨਾਰ ਜਾਂ ਵਰਕਸ਼ਾਪ ਵਿਚ ਜਾਣਕਾਰੀ ਦਾ ਪਸਾਰ ਸ਼ਾਮਲ ਨਹੀ ਹੈ, ਜੇਕਰ ਅਜਿਹੀਆਂ ਪ੍ਰਕਾਸ਼ਨਾਵਾਂ ਕੇਂਦਰੀ ਸਰਕਾਰ ਦੁਆਰਾ ਜਾਰੀ ਕੀਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੋਣ।

**ਖੰਡ 3 ਅਤੇ 4 ਖ਼ਾਸ ਸਹਿਯੋਗ ਖੋਜ ਪ੍ਰਾਜੈਕਟਾਂ ਉਪਰ ਲਾਗੂ ਨਹੀ ਹੋਵੇਗਾ।**

**5.** (1) ਖੰਡ (3) ਅਤੇ (4) ਦੇ ਉਪਬੰਧ ਸੰਸਥਾਵਾਂ, ਜਿਨ੍ਹਾਂ ਵਿਚ ਭਾਰਤ ਦੀਆਂ ਸਰਕਾਰੀ ਸਰਪ੍ਰਸਤੀ ਵਾਲੀਆਂ ਸੰਸਥਾਵਾਂ ਅਤੇ ਦੂਸਰੇ ਦੇਸ਼ਾਂ ਵਿਚਲੀਆਂ ਹੋਰ ਸੰਸਥਾਵਾਂ ਵੀ ਸ਼ਾਮਲ ਹਨ ਦਰਮਿਆਨ ਜੈਵਿਕ ਸ੍ਰੋਤਾਂ ਦੇ ਵਟਾਂਦਰੇ ਅਤੇ ਜਾਣਕਾਰੀ ਸੰਬੰਧੀ ਸਹਿਯੋਗੀ ਖੋਜ ਪ੍ਰਾਜੈਕਟਾਂ ਦੇ ਉਪਰ ਲਾਗੂ ਨਹੀਂ ਹੁੰਦੇ, ਜੇਕਰ ਅਜਿਹੇ ਖੋਜ ਪ੍ਰਾਜੈਕਟ ਉਪਖੰਡ (3) ਵਿਚ ਦਰਸਾਈਆਂ ਸ਼ਰਤਾਂ ਨੂੰ ਪੂਰਾ ਕਰਦੇ ਹੋਣ।

(2) ਉਪਖੰਡ (1) ਵਿਚ ਦਰਸਾਏ ਤੋਂ ਇਲਾਵਾ ਸਾਰੇ ਸਾਂਝੇ ਖੋਜ ਪ੍ਰਾਜੈਕਟ ਜਿਹੜੇ ਕਿ ਇਸ ਐਕਟ ਦੀ ਸ਼ੁਰੂਆਤ ਤੋਂ ਪਹਿਲਾਂ ਕੀਤੇ ਅਹਿਦਨਾਮਿਆਂ ਤੇ ਆਧਾਰਿਤ ਹਨ ਅਤੇ ਅਮਲ ਵਿਚ ਹਨ, ਉਹ ਅਹਿਦਨਾਮੇ ਦੇ ਉਪਬੰਧਾ ਦੇ ਮੁਤਾਬਿਕ ਲਾਗੂ ਹੋਣ ਦੇ ਯੋਗ ਹੋਣਗੇ ਜਾਂ ਉਪਖੰਡ (3) ਦੀ ਧਾਰਾ (ੳ) ਅਧੀਨ ਜਾਰੀ ਦਿਸ਼ਾ ਨਿਰਦੇਸ਼ ਰੱਦ ਹੋਣਗੇ।

(3) ਉਪਖੰਡ (1) ਦੇ ਉਦੇਸ਼ਾਂ ਲਈ ਸਹਿਯੋਗ ਖੋਜ ਪ੍ਰਾਜੈਕਟ ਨਿਮਨ ਨੂੰ ਪੂਰਾ ਕਰਨਗੇ, ਅਰਥਾਤ:

(ੳ) ਇਸ ਸੰਬੰਧ ਵਿਚ ਕੇਂਦਰੀ ਸਰਕਾਰ ਦੁਆਰਾ ਜਾਰੀ ਨੀਤੀ ਨਿਰਦੇਸ਼ਾਂ ਦੇ ਅਨੁਕੂਲ ਹੋਣਗੇ।

(ਅ) ਕੇਂਦਰੀ ਸਰਕਾਰ ਦੁਆਰਾ ਪ੍ਰਵਾਨਿਤ ਹੋਣਗੇ।

**6.** (1) ਕੋਈ ਵੀ ਵਿਅਕਤੀ ਬੌਧਿਕ ਸੰਪਤੀ ਅਧਿਕਾਰਾਂ ਲਈ ਕਿਸੇ ਵੀ ਨਾਂ ਅਧੀਨ ਭਾਰਤ ਵਿਚ ਜਾਂ ਇਸ ਤੋਂ ਬਾਹਰ ਜੈਵਿਕ ਸ੍ਰੋਤਾਂ ਤੋਂ ਪ੍ਰਾਪਤ ਕਿਸੇ ਬੌਧਿਕ

ਸੰਪਤੀ ਅਧਿਕਾਰ ਦੀ ਪ੍ਰਾਪਤੀ ਲਈ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਪੂਰਵ ਪ੍ਰਵਾਨਗੀ ਲਏ ਬਿਨਾਂ ਬਿਨੈ ਪੱਤਰ ਨਹੀਂ ਦੇਵੇਗਾ ।

**ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਪ੍ਰਵਾਨਗੀ ਤੋਂ ਬਿਨਾ ਬੌਧਿਕ ਸੰਪਤੀ ਅਧਿਕਾਰਾਂ ਲਈ ਬਿਨੈ ਪੱਤਰ ਨਹੀਂ ਦਿੱਤਾ ਜਾਵੇਗਾ ।**

ਪਰ ਸ਼ਰਤ ਇਹ ਹੈ ਕਿ ਜੇਕਰ ਕੋਈ ਵਿਅਕਤੀ ਪੇਟੈਂਟ ਲਈ ਬਿਨੈ ਪੱਤਰ ਦੇਂਦਾ ਹੈ ਤਾਂ ਉਹ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਪ੍ਰਵਾਨਗੀ ਪੇਟੈਂਟ ਮੰਜ਼ੂਰੀ ਹੋਣ ਤੋਂ ਬਾਅਦ ਪ੍ਰਾਪਤ ਕਰ ਸਕਦਾ ਹੈ ਪਰ ਪੇਟੈਂਟ ਅਥਾਰਟੀ ਵੱਲੋਂ ਪੇਟੈਂਟ ਸੀਲਿੰਗ (Sealing) ਤੋਂ ਪਹਿਲਾਂ।

ਹੋਰ ਸ਼ਰਤ ਇਹ ਹੈ ਕਿ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਬਿਨੈ ਪੱਤਰ ਪ੍ਰਾਪਤ ਹੋਣ ਤੋਂ 90 ਦਿਨਾਂ ਦੇ ਅੰਦਰ ਅੰਦਰ ਪ੍ਰਵਾਨਗੀ ਸੰਬੰਧੀ ਨਿਪਟਾਰਾ ਕਰੇਗੀ ।

(2) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਪਰਵਾਨਗੀ ਦਿੰਦੇ ਸਮੇਂ ਇਸ ਖੰਡ ਅਧੀਨ ਲਾਭ -ਅੰਸ਼ ਫੀਸ ਜਾਂ ਰਾਇਲਟੀ ਜਾਂ ਦੋਵੇਂ ਜਾਂ ਅਜਿਹੀਆਂ ਸ਼ਰਤਾਂ ਲਾਗੂ ਕਰ ਸਕਦੀ ਹੈ ਜੋ ਕਿ ਅਜਿਹੇ ਅਧਿਕਾਰਾਂ ਦੀ ਵਪਾਰਕ ਵਰਤੋਂ ਨਾਲ ਪੈਦਾ ਹੋਣ ਵਾਲੇ ਲਾਭਾਂ ਦੀ ਵੰਡ ਸੰਬੰਧੀ ਹੋਣ।

(3) ਇਸ ਖੰਡ ਦੇ ਉਪਬੰਧ ਕਿਸੇ ਅਜਿਹੇ ਵਿਅਕਤੀ ਤੇ ਲਾਗੂ ਨਹੀਂ ਹੋਣਗੇ ਜਿਹੜਾ ਕਿ ਸੰਸਦ ਵੱਲੋਂ ਬਣਾਏ ਪੌਦਾ ਵੰਨਗੀ ਕਾਨੂੰਨ ਦੀ ਸੁੱਰਖਿਆ ਨਾਲ ਸੰਬੰਧਿਤ ਹੋਵੇ।

(4) ਜਦੋਂ ਉਪਖੰਡ (3) ਵਿਚ ਦਰਸਾਏ ਅਧੀਨ ਕਿਸੇ ਅਧਿਕਾਰ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਤਾਂ ਅਜਿਹੇ ਅਧਿਕਾਰ ਦੀ ਪਰਵਾਨਗੀ ਦੇਣ ਵਾਲੀ ਸੰਬੰਧਿਤ ਅਥਾਰਟੀ ਅਜਿਹੇ ਅਧਿਕਾਰ ਦੀ ਪਰਵਾਨਗੀ ਸੰਬੰਧੀ ਦਸਤਾਵੇਜ਼ ਦੀ ਕਾਪੀ ਦਾ ਉਤਾਰਾ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਨੂੰ ਭੇਜੇਗੀ ।

**7.** ਕੋਈ ਵੀ ਵਿਅਕਤੀ ਜਿਹੜਾ ਕਿ ਭਾਰਤ ਦਾ ਨਾਗਰਿਕ ਹੋਵੇ ਜਾਂ ਨਿਗਮਿਤ ਸੰਸਥਾ, ਐਸੋਸੀਏਸ਼ਨ ਜਾਂ ਸੰਗਠਨ ਹੋਵੇ ਜਿਹੜਾ ਕਿ ਭਾਰਤ ਵਿਚ ਰਜਿਸਟਰ ਹੋਇਆ ਹੋਵੇ ਉਹ ਸੰਬੰਧਿਤ ਰਾਜ ਜੈਵਿਕ ਵਿਭਿੰਨਤਾ ਬੋਰਡ ਨੂੰ

**ਖਾਸ ਉਦੇਸ਼ਾ ਲਈ ਜੈਵਿਕ ਸ੍ਰੋਤਾਂ ਦੀ ਪ੍ਰਵਾਨਗੀ ਪ੍ਰਾਪਤ ਕਰਨ ਲਈ ਰਾਜ ਜੈਵਿਕ ਵਿਭਿੰਨਤਾ ਬੋਰਡ ਨੂੰ ਅਗਾਊਂ ਸੂਚਨਾ**

ਅਗਾਊਂ ਸੂਚਨਾ ਦੇਣ ਉਪਰੰਤ ਵਪਾਰਕ ਵਰਤੋਂ ਜਾਂ ਜੈਵਿਕ ਸਰਵੇ ਅਤੇ ਜੈਵਿਕ ਵਰਤੋਂ ਲਈ ਕਿਸੇ ਜੈਵਿਕ ਸ੍ਰੋਤ ਦੀ ਪ੍ਰਾਪਤੀ ਕਰ ਸਕਦਾ ਹੈ:

ਪਰ ਸ਼ਰਤ ਇਹ ਹੈ ਕਿ ਇਸ ਖੰਡ ਦੀ ਉਪਬੰਧ ਸਥਾਨਕ ਲੋਕਾਂ ਦੀ ਉਸ ਖੇਤਰ ਦੇ ਸਮੁਦਾਵਾਂ ਉਪਰ ਲਾਗੂ ਨਹੀਂ ਹੋਣਗੇ, ਜਿਹਨਾਂ ਵਿਚ ਉਤਪਾਦਕ ਅਤੇ ਕਾਸ਼ਤਕਾਰ ਅਤੇ ਵੈਦ ਜਾਂ ਹਕੀਮ ਆਦਿ ਸ਼ਾਮਲ ਹਨ ਜੋ ਕਿ ਦੇਸੀ ਦਵਾਈਆਂ ਦੀ ਵਰਤੋਂ ਕਰ ਰਹੇ ਹਨ ।

ਅਧਿਆਇ-3

# ਕੌਮੀ ਜੈਵਿਕ ਵਿਭਿੰਨਤਾ ਅਥਾਰਟੀ

**ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਸਥਾਪਨਾ**

**8.** (1) ਅਜਿਹੀ ਮਿਤੀ ਤੋਂ ਜਿਹੜੀ ਕੇਂਦਰੀ ਸਰਕਾਰ ਗਜ਼ਟ ਦੀ ਅਧਿਸੂਚਨਾ ਦੁਆਰਾ ਨਿਸ਼ਚਿਤ ਕਰੇ, ਕੇਂਦਰੀ ਸਰਕਾਰ ਦੁਆਰਾ ਇਸ ਕਾਨੂੰਨ ਦੇ ਉਦੇਸ਼ਾਂ ਲਈ ਇਕ ਸੰਸਥਾ ਸਥਾਪਿਤ ਕੀਤੀ ਜਾਵੇਗੀ ਜਿਸ ਨੂੰ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਕਿਹਾ ਜਾਵੇਗਾ।

(2) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਉਪਰੋਕਤ ਵਰਣਿਤ ਨਾਂ ਵਾਲੀ ਨਿਗਮਿਤ ਸੰਸਥਾ ਹੋਵੇਗੀ, ਜਿਸ ਦੀ ਸਦੀਵੀ ਨਿਰੰਤਰਤਾ ਅਤੇ ਇਕ ਸਾਂਝੀ ਮੁਹਰ ਹੋਵੇਗੀ ਅਤੇ ਜਿਸ ਨੂੰ ਅਚਲ ਜਾਂ ਚਲ ਸੰਪਤੀ ਪ੍ਰਾਪਤ ਕਰਨ, ਰੱਖਣ ਅਤੇ ਨਿਪਟਾਰਾ ਕਰਨ ਅਤੇ ਠੇਕੇ ਤੇ ਦੇਣ ਦਾ ਅਧਿਕਾਰ ਹੋਵੇਗਾ ਤੇ ਇਹ ਉਪਰੋਕਤ ਵਰਣਿਤ ਨਾਂ ਅਧੀਨ ਦਾਅਵਾ ਆਦਿ ਦਾਇਰ ਕਰ ਸਕਦੀ ਹੈ।

(3) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦਾ ਮੁੱਖ ਦਫ਼ਤਰ ਚੇਨਈ ਵਿਖੇ ਹੋਵੇਗਾ ਅਤੇ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਕੇਂਦਰੀ ਸਰਕਾਰ ਤੋਂ ਪਹਿਲਾਂ ਪ੍ਰਵਾਨਗੀ ਲੈ ਕੇ ਭਾਰਤ ਵਿਚ ਦੂਸਰੀਆਂ ਥਾਵਾਂ ਤੇ ਵੀ ਆਪਣੇ ਦਫ਼ਤਰ ਸਥਾਪਤ ਕਰ ਸਕਦੀ ਹੈ।

(4) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਵਿਚ ਨਿਮਨ ਮੈਂਬਰ ਸ਼ਾਮਲ ਹੋਣਗੇ, ਅਰਥਾਤ :

(ੳ) ਇਕ ਚੇਅਰਪਰਸਨ, ਜੋ ਕਿ ਇਕ ਪ੍ਰਤਾਪੀ ਵਿਅਕਤੀ ਹੋਵੇਗਾ, ਜਿਸ ਨੂੰ ਕਿ ਜੈਵਿਕ

ਵਿਭਿੰਨਤਾ ਨਾਲ ਸੰਬੰਧਿਤ ਸਥਾਨਕ ਮਾਮਲਿਆਂ ਦੀ ਸੰਭਾਲ, ਟਿਕਾਊ ਵਰਤੋਂ ਅਤੇ ਲਾਭਾਂ ਦੀ ਬਰਾਬਰ ਵੰਡ ਸੰਬੰਧੀ ਉਚਿਤ ਜਾਣਕਾਰੀ ਹੋਵੇਗੀ। ਜੋ ਕਿ ਕੇਂਦਰੀ ਸਰਕਾਰ ਦੁਆਰਾ ਨਿਯੁਕਤ ਕੀਤਾ ਜਾਵੇਗਾ ।

(ਅ) ਪਦਵੀ ਕਾਰਣ ਵਾਲੇ ਤਿੰਨ ਮੈਂਬਰ ਕੇਂਦਰੀ ਸਰਕਾਰ ਦੁਆਰਾ ਨਿਯੁਕਤ ਕੀਤੇ ਜਾਣਗੇ ਜਿਹਨਾਂ ਵਿਚੋਂ ਇਕ ਕਬੀਲਾ ਮਾਮਲਿਆਂ ਨਾਲ ਨਿਪਟਣ ਵਾਲੇ ਮੰਤ੍ਰਾਲੇ ਨਾਲ ਅਤੇ ਦੋ ਵਾਤਾਵਰਣ ਅਤੇ ਜੰਗਲਾਤ ਮੰਤ੍ਰਾਲੇ ਨਾਲ ਸੰਬੰਧਿਤ ਹੋਣਗੇ ਜਿਹਨਾਂ ਵਿਚੋਂ ਇਕ ਜੰਗਲਾਤ ਦਾ ਵਧੀਕ ਡਾਇਰੈਕਟਰ ਜਰਨਲ ਜਾਂ ਡਾਇਰੈਕਟਰ ਜਰਨਲ ਜੰਗਲਾਤ ਹੋਵੇਗਾ।

(ੲ) 7 ਪਦਵੀ ਵਾਲੇ ਮੈਂਬਰਾਂ ਦੀ ਨਿਯੁਕਤੀ ਕੇਂਦਰੀ ਸਰਕਾਰ ਦੁਆਰਾ ਕੇਂਦਰੀ ਸਰਕਾਰ ਦੇ ਵੱਖ ਵੱਖ ਮੰਤ੍ਰਾਲਿਆਂ ਵਿਚੋਂ ਕੀਤੀ ਜਾਵੇਗੀ; ਅਰਥਾਤ

(i) ਖੇਤੀਬਾੜੀ ਖੋਜ ਅਤੇ ਸਿੱਖਿਆ ;

(ii) ਜੈਵਿਕ ਤਕਨਾਲੋਜੀ ;

(iii) ਸਮੁੰਦਰੀ ਵਿਕਾਸ ;

(iv) ਖੇਤੀਬਾੜੀ ਅਤੇ ਸਹਿਕਾਰਤਾ ;

(v) ਦਵਾਈਆਂ ਅਤੇ ਹੋਮਿਓਪੈਥੀ ਦੀ ਭਾਰਤੀ ਪ੍ਰਣਾਲੀ;

(vi) ਸਾਇੰਸ ਅਤੇ ਤਕਨਾਲੋਜੀ ;

(vii) ਸਾਇੰਸ ਅਤੇ ਉਦਯੋਗਿਕ ਖੋਜ;

(ਸ) ਪੰਜ ਗੈਰ ਸਰਕਾਰੀ ਮੈਂਬਰ ਉਹਨਾਂ ਵਿਸ਼ੇਸ਼ਗਾਂ ਅਤੇ ਵਿਗਿਆਨੀਆਂ ਵਿੱਚੋਂ ਨਿਯੁਕਤ ਕੀਤੇ ਜਾਣਗੇ ਜਿਹਨਾਂ ਨੂੰ ਜੈਵਿਕ ਵਿਭਿੰਨਤਾ ਸੰਭਾਲ, ਜੈਵਿਕ ਸ੍ਰੋਤਾਂ ਦੀ ਸਥਾਈ ਵਰਤੋਂ ਅਤੇ ਉਹਨਾਂ ਸ੍ਰੋਤਾਂ ਦੀ ਵਰਤੋਂ ਵਿਚੋਂ ਪ੍ਰਾਪਤ ਹੋਣ ਵਾਲੇ ਲਾਭਾਂ ਦੀ ਬਰਾਬਰ ਵੰਡ ਦੀ ਜਾਣਕਾਰੀ ਹੋਵੇ ਅਤੇ ਉਦਯੋਗ ਦੇ ਨੁਮਾਇੰਦੇ, ਸੁਰੱਖਿਆਕਾਰ ਅਤੇ ਜੈਵਿਕ ਸ੍ਰੋਤਾਂ ਦੀ ਮੁਕੰਮਲ ਜਾਣਕਾਰੀ ਵਾਲੇ ਵਿਅਕਤੀਆਂ ਵਿੱਚੋਂ ਲਏ ਜਾਣ।

**ਚੇਅਰਪਰਸਨ ਅਤੇ ਮੈਂਬਰਾਂ ਦੀਆਂ ਸੇਵਾ ਸੰਬੰਧੀ ਸ਼ਰਤਾਂ**

**9.** ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਪਦ ਕਾਰਣ ਮੈਂਬਰਾਂ ਤੋਂ ਇਲਾਵਾ ਚੇਅਰਪਰਸਨ ਅਤੇ ਦੂਸਰੇ ਮੈਂਬਰਾਂ ਦੇ ਅਹੁਦੇ ਦੀ ਮਿਆਦ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ ਜਿਹੜੀਆਂ ਕਿ ਕੇਂਦਰੀ ਸਰਕਾਰ ਵੱਲੋਂ ਨਿਰਧਾਰਤ ਕੀਤੀਆਂ ਗਈਆਂ ਹੋਣ ।

**ਚੇਅਰਪਰਸਨ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦਾ ਮੁੱਖ ਕਾਰਜਕਾਰੀ ਹੋਵੇਗਾ**

**10.** ਚੇਅਰਪਰਸਨ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦਾ ਮੁੱਖ ਕਾਰਜਕਾਰੀ ਹੋਵੇਗਾ ਅਤੇ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਕਾਰਜ ਨਿਭਾਏਗਾ ਜਿਹੜੇ ਕਿ ਨਿਰਧਾਰਤ ਕੀਤੇ ਗਏ ਹੋਣ ।

**ਮੈਂਬਰਾਂ ਨੂੰ ਹਟਾਉਣਾ**

**11.** ਕੇਂਦਰੀ ਸਰਕਾਰ ਕਿਸੇ ਵੀ ਮੈਂਬਰ ਨੂੰ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਮੈਂਬਰਸ਼ਿਪ ਤੋਂ ਹਟਾ ਸਕਦੀ ਹੈ ਜਿਹੜਾ ਕਿ ਇਸ ਦੀ ਰਾਇ ਅਨੁਸਾਰ:

(ੳ) ਦੀਵਾਲੀਆ ਘੋਸ਼ਿਤ ਕੀਤਾ ਗਿਆ ਹੋਵੇ ; ਜਾਂ

(ਅ) ਕਿਸੇ ਜੁਰਮ ਵਿਚ ਸਜ਼ਾ ਦਿੱਤੀ ਗਈ ਹੋਵੇ ਜਿਸ ਵਿੱਚ ਨੈਤਿਕ ਚਰਿੱਤਰਹੀਣਤਾ ਵੀ ਸ਼ਾਮਲ ਹੋਵੇ;

(ੲ) ਸਰੀਰਕ ਤੌਰ ਤੇ ਮੈਂਬਰ ਵਜੋਂ ਕਾਰਜ ਕਰਨ ਦੇ ਅਸਮਰੱਥ ਹੋ ਜਾਵੇ; ਜਾਂ

(ਸ) ਆਪਣੇ ਰੁਤਬੇ ਦੀ ਇਸ ਢੰਗ ਨਾਲ ਦੁਰਵਰਤੋਂ ਕੀਤੀ ਹੋਵੇ ਕਿ ਉਸ ਦਾ ਅਹੁਦੇ ਤੇ ਬਣੇ ਰਹਿਣਾ ਜਨਤਕ ਹਿੱਤ ਲਈ ਨੁਕਸਾਨਦੇਹ ਹੋਵੇ; ਜਾਂ

(ਹ) ਅਜਿਹੀ ਵਿੱਤੀ ਜਾਂ ਅਜਿਹੀ ਰਿਆਇਤ ਪ੍ਰਾਪਤ ਕੀਤੀ ਹੋਵੇ ਜੋ ਕਿ ਮੈਂਬਰ ਵਜੋਂ ਉਸ ਦੇ ਕਾਰਜਾਂ ਨੂੰ ਪ੍ਰਭਾਵਿਤ ਕਰ ਸਕਦੀ ਹੋਵੇ।

**ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀਆਂ ਮੀਟਿੰਗਾਂ**

**12.** (1) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਅਜਿਹੇ ਸਮੇਂ ਅਤੇ ਸਥਾਨ ਤੇ ਇਕੱਤਰ ਹੋਵੇਗੀ ਅਤੇ ਆਪਣੀਆਂ ਮੀਟਿੰਗਾਂ ਵਿਚ ਵਪਾਰਕ ਲੈਣ ਦੇਣ ਸੰਬੰਧ ਵਿਚ ਪ੍ਰਕ੍ਰਿਆ ਦੇ ਅਜਿਹੇ ਨਿਯਮਾਂ ਦੀ ਜਾਂਚ ਕਰੇਗੀ (ਇਸ ਦੀਆਂ ਮੀਟਿੰਗਾ ਦੇ ਕੋਰਮ ਸਮੇਤ) ਜੋ ਕਿ ਨਿਰਧਾਰਤ ਕੀਤਾ ਗਿਆ ਹੋਵੇ ।

(2) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦਾ ਚੇਅਰਪਰਸਨ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀਆਂ ਮੀਟਿੰਗਾ ਦੀ ਪ੍ਰਧਾਨਗੀ ਕਰੇਗਾ ।

(3) ਜੇ ਕਿਸੇ ਕਾਰਨ ਚੇਅਰਪਰਸਨ ਕੌਮੀ ਜੈਵਿਕ ਵਿਭਿੰਨਤਾ ਦੀ ਮੀਟਿੰਗ ਵਿਚ ਸ਼ਮੂਲੀਅਤ ਕਰਨ

ਤੋਂ ਅਸਮਰੱਥ ਹੋਵੇ ਤਾਂ ਮੀਟਿੰਗ ਵਿਚ ਸ਼ਾਮਲ ਮੈਂਬਰਾ ਵਲੋਂ ਚੁਣਿਆ ਗਿਆ ਕੋਈ ਵੀ ਮੈਂਬਰ ਮੀਟਿੰਗ ਦੀ ਪ੍ਰਧਾਨਗੀ ਕਰੇਗਾ ।

(4) ਸਾਰੇ ਪ੍ਰਸ਼ਨ ਜਿਹੜੇ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਮੀਟਿੰਗ ਵਿਚ ਸਾਹਮਣੇ ਆਉਂਦੇ ਹਨ, ਨੂੰ ਸ਼ਾਮਲ ਮੈਂਬਰਾਂ ਦੀ ਬਹੁਸੰਮਤੀ ਦੁਆਰਾ ਅਤੇ ਵੋਟਿੰਗ ਦੁਆਰਾ ਨਿਪਟਾਇਆ ਜਾਵੇਗਾ ਤੇ ਵੋਟਾਂ ਦੀ ਬਰਾਬਰੀ ਦੀ ਸੂਰਤ ਵਿਚ ਚੇਅਰਪਰਸਨ ਜਾਂ ਉਸ ਦੀ ਗ਼ੈਰਮੌਜੂਦਗੀ ਵਿੱਚ ਪ੍ਰਧਾਨਗੀ ਕਰ ਰਹੇ ਵਿਅਕਤੀ ਨੂੰ ਦੂਸਰੀ ਜਾਂ ਨਿਰਣਾਇਕ ਵੋਟ ਦੇਣ ਦਾ ਅਧਿਕਾਰ ਹੋਵੇਗਾ ।

(5) ਕੋਈ ਮੈਂਬਰ ਜਿਹੜਾ ਕਿਸੇ ਵੀ ਢੰਗ ਨਾਲ ਭਾਵੇਂ ਸਿੱਧੇ, ਅਸਿੱਧੇ ਜਾਂ ਨਿੱਜੀ ਰੂਪ ਵਿਚ ਕਿਸੇ ਮਾਮਲੇ ਨੂੰ ਮੀਟਿੰਗ ਵਿਚ ਲਿਆਉਣ ਦਾ ਇਛੁੱਕ ਹੋਵੇ ਤਾਂ ਉਹ ਉਸ ਮਾਮਲੇ ਨੂੰ ਮੀਟਿੰਗ ਦੇ ਸਾਹਮਣੇ ਰੱਖੇਗਾ ਅਤੇ ਇਸ ਉਪਰੰਤ ਉਹ ਮੈਂਬਰ ਉਸ ਮੀਟਿੰਗ ਵਿਚ ਸ਼ਮੂਲੀਅਤ ਨਹੀਂ ਕਰੇਗਾ।

(6) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦਾ ਕੋਈ ਕਾਨੂੰਨ ਜਾਂ ਕਾਰਜ ਵਿਧੀ ਕੇਵਲ ਇਸ ਕਾਰਨ ਕਰਕੇ ਅਵੈਧ ਨਹੀ ਮੰਨੀ ਜਾਵੇਗੀ :

(ੳ) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਕਿਸੇ ਅਸਾਮੀ ਜਾਂ ਸੰਵਿਧਾਨ ਵਿਚ ਕਿਸੇ ਨੁਕਸ ਕਾਰਨ; ਜਾਂ

(ਅ) ਮੈਂਬਰ ਵਜੋਂ ਕਾਰਜ ਕਰ ਰਹੇ ਕਿਸੇ ਵਿਅਕਤੀ ਦੀ ਨਿਯੁਕਤੀ ਵਿਚ ਕਿਸੇ ਨੁਕਸ ਕਾਰਨ; ਜਾਂ

(ੲ) ਕੇਸ ਤੇ ਤੱਥਾਂ ਨੂੰ ਨਾ ਪ੍ਰਭਾਵਿਤ ਕਰਨ ਵਾਲੇ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਕਾਰਜਵਿਧੀ ਦੀ ਕਿਸੇ ਤਰੁੱਟੀ ਕਾਰਨ।

**ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀਆਂ ਕਮੇਟੀਆਂ**

**13.** (1) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ, ਖੇਤੀ ਵਿਭਿੰਨਤਾ ਨਾਲ ਨਿਪਟਨ ਲਈ ਕਮੇਟੀ ਦਾ ਗਠਨ ਕਰ ਸਕਦੀ ਹੈ।

ਵਿਆਖਿਆ: ਇਸ ਉਪ-ਖੰਡ ਦੇ ਉਦੇਸ਼ਾਂ ਲਈ 'ਖੇਤੀ ਵਿਭਿੰਨਤਾ' ਤੋ ਭਾਵ ਹੈ, ਖੇਤੀਬਾੜੀ ਨਾਲ ਸੰਬੰਧਿਤ ਵੰਨਗੀਆਂ ਦੀ ਜੈਵਿਕ ਵਿਭਿੰਨਤਾ ।

(2) ਉਪ–ਖੰਡ (1) ਦੇ ਉਪਬੰਧਾਂ ਦੇ ਬਿਨਾਂ ਪੱਖਪਾਤ ਤੋਂ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਅਜਿਹੀ ਗਿਣਤੀ ਵਿਚ ਕਮੇਟੀਆਂ ਦਾ ਗਠਨ ਕਰ ਸਕਦੀ ਹੈ ਜੋ ਕਿ ਇਹ ਇਸ ਕਾਨੂੰਨ ਅਧੀਨ ਇਸ ਦੇ ਕਾਰਜਾਂ ਨੂੰ ਨਿਭਾਉਣ ਲਈ ਉੱਚਿਤ ਸਮਝੇ ।

(3) ਇਸ ਖੰਡ ਅਧੀਨ ਸਥਾਪਤ ਕੀਤੀ ਕਮੇਟੀ ਵਿਚ ਅਜਿਹੇ ਵਿਅਕਤੀਆਂ ਦੀ ਸ਼ਮੂਲੀਅਤ ਕੀਤੀ ਜਾਵੇਗੀ ਜਿਹੜੇ ਕਿ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਮੈਂਬਰ ਨਾ ਹੋਣ ਅਤੇ ਸ਼ਾਮਲ ਕੀਤੇ ਅਜਿਹੇ ਮੈਂਬਰਾਂ ਨੂੰ ਕਮੇਟੀ ਦੀਆਂ ਮੀਟਿੰਗਾਂ ਵਿਚ ਸ਼ਮੂਲੀਅਤ ਦਾ ਅਧਿਕਾਰ ਹੋਵੇਗਾ ਅਤੇ ਉਹ ਇਸ ਦੀਆਂ ਕਾਰਜਵਿਧੀਆਂ ਵਿਚ ਭਾਗ ਲੈਣਗੇ ਪਰੰਤੂ ਉਹਨਾਂ ਨੂੰ ਵੋਟ ਦੇਣ ਦਾ ਅਧਿਕਾਰ ਨਹੀਂ ਹੋਵੇਗਾ।

(4) ਉਪ ਖੰਡ (2) ਅਧੀਨ ਕਮੇਟੀ ਦਾ ਮੈਂਬਰ ਨਿਯੁਕਤ ਕੀਤੇ ਗਏ ਵਿਅਕਤੀ ਕਮੇਟੀ ਦੀਆਂ ਮੀਟਿੰਗਾਂ ਵਿਚ ਸ਼ਮੂਲੀਅਤ ਲਈ ਅਜਿਹੇ ਭੱਤੇ ਅਤੇ ਸਹੂਲਤਾਂ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ ਜੋ ਕਿ ਕੇਂਦਰ ਸਰਕਾਰ ਦੁਆਰਾ ਨਿਰਧਾਰਤ ਕੀਤੇ ਗਏ ਹੋਣਗੇ ।

**ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਅਫ਼ਸਰ ਅਤੇ ਕਰਮਚਾਰੀ**

**14.** (1) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਅਜਿਹੇ ਅਫ਼ਸਰਾਂ ਅਤੇ ਕਰਮਚਾਰੀਆਂ ਨੂੰ ਨਿਯੁਕਤ ਕਰ ਸਕਦੀ ਹੈ ਜੋ ਇਸ ਕਾਨੂੰਨ ਅਧੀਨ ਇਸ ਦੇ ਕੰਮਾਂ ਨੂੰ ਉਚਿਤ ਢੰਗ ਨਾਲ ਕਰਾਉਣ ਲਈ ਜ਼ਰੂਰੀ ਸਮਝੇ।

(2) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਅਜਿਹੇ ਅਫ਼ਸਰਾਂ ਅਤੇ ਦੂਸਰੇ ਕਰਮਚਾਰੀਆਂ ਦੀਆਂ ਸੇਵਾਂ ਦੀਆਂ ਸ਼ਰਤਾਂ ਅਤੇ ਬੰਦਿਸ਼ਾਂ ਅਜਿਹੀਆਂ ਹੋਣਗੀਆਂ ਜਿਹੜੀਆਂ ਕਿ ਵਿਨਿਯਮਾਂ ਦੁਆਰਾ ਨਿਰਦੇਸ਼ਿਤ ਕੀਤੀਆਂ ਗਈਆਂ ਹੋਣ ।

**ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਹੁਕਮਾਂ ਅਤੇ ਫ਼ੈਸਲਿਆਂ ਦੀ ਪ੍ਰਮਾਣਿਕਤਾ**

**15.** ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਸਾਰੇ ਹੁਕਮ ਜਾਂ ਫ਼ੈਸਲੇ ਚੇਅਰਪਰਸਨ ਜਾਂ ਇਸ ਸੰਬੰਧ ਵਿਚ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਵਲੋਂ ਅਧਿਕ੍ਰਿਤ ਕਿਸੇ ਵਿਅਕਤੀ ਦੇ ਹਸਤਾਖ਼ਰਾਂ ਉਪਰੰਤ ਹੀ ਪ੍ਰਵਾਨਿਤ ਹੋਣਗੇ ਅਤੇ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਵਲੋਂ ਜਾਰੀ ਕੀਤੇ ਦੂਸਰੇ ਕਾਰਜ ਵੀ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਵਜੋਂ ਅਧਿਕ੍ਰਿਤ ਕੀਤੇ ਕਿਸੇ ਵਿਅਕਤੀ ਦੇ ਹਸਤਾਖ਼ਰਾਂ ਉਪਰੰਤ ਹੀ ਪ੍ਰਵਾਨਿਤ ਹੋਣਗੇ।

**ਸ਼ਕਤੀਆਂ ਦੀ ਸਪੁਰਦਗੀ**

**16.** ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਆਮ ਜਾਂ ਲਿਖ਼ਤ ਰੂਪ ਵਿਚ ਵਿਸ਼ੇਸ਼ ਹੁਕਮ ਦੁਆਰਾ ਕਿਸੇ ਮੈਂਬਰ ਜਾਂ ਅਫ਼ਸਰ ਨੂੰ ਕਿਸੇ ਹੋਰ ਵਿਅਕਤੀ ਨੂੰ ਅਜਿਹੀਆਂ ਸ਼ਰਤਾਂ ਦੇ ਆਧਾਰ ਤੇ ਜੇਕਰ ਕੋਈ ਹੋਣ, ਜੋ ਕਿ ਹੁਕਮ ਵਿਚ ਦਰਸਾਈਆਂ ਗਈਆਂ ਹੋਣ, ਅਜਿਹੀਆਂ ਸ਼ਕਤੀਆਂ ਅਤੇ ਕਾਰਜ ਜੋ ਕਿ ਇਸ ਕਾਨੂੰਨ ਅਧੀਨ (ਖੰਡ 50 ਅਧੀਨ ਹੋਈ ਅਪੀਲ ਲਈ ਪਹਿਲ ਕਰਨ ਅਤੇ ਖੰਡ 64 ਅਧੀਨ ਵਿਨਿਯਮ ਬਣਾਉਣ ਤੋਂ ਇਲਾਵਾ) ਜਿਵੇਂ ਵੀ ਇਹ ਜ਼ਰੂਰੀ ਸਮਝੇ, ਨੂੰ ਸੌਂਪ ਸਕਦੀ ਹੈ ।

**ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਖ਼ਰਚਿਆਂ ਦਾ ਭੁਗਤਾਨ ਭਾਰਤ ਦੇ ਏਕੀਕ੍ਰਿਤ ਫੰਡ ਵਿੱਚੋਂ ਦਿੱਤਾ ਜਾਵੇਗਾ**

**17.** ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਮੈਂਬਰਾਂ ਨੂੰ ਅਦਾ ਕੀਤੇ ਜਾਣ ਵਾਲੇ ਭੱਤੇ ਅਤੇ ਪ੍ਰਬੰਧਕੀ ਖ਼ਰਚੇ ਜਿਹਨਾਂ ਵਿਚ ਤਨਖਾਹਾਂ, ਭੱਤੇ ਅਤੇ ਪੈਨਸ਼ਨ ਆਦਿ ਸ਼ਾਮਲ ਹਨ, ਦੀ ਅਦਾਇਗੀ ਭਾਰਤ ਦੇ ਏਕੀਕ੍ਰਿਤ ਫੰਡ ਵਿੱਚੋਂ ਕੀਤੀ ਜਾਵੇਗੀ ।

ਅਧਿਆਇ-4

# ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਕਾਰਜ ਅਤੇ ਸ਼ਕਤੀਆਂ

**ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਕਾਰਜ ਅਤੇ ਸ਼ਕਤੀਆਂ**

**18.** (1) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਇਹ ਡਿਊਟੀ ਹੋਵੇਗੀ ਕਿ ਉਹ ਜੈਵਿਕ ਸ੍ਰੋਤਾਂ ਪ੍ਰਤੀ ਪਹੁੰਚ ਲਈ ਖੰਡ 3, 4 ਅਤੇ 6 ਵਿਚ ਦਰਸਾਏ ਅਨੁਸਾਰ ਗਤੀਵਿਧੀਆਂ ਨੂੰ ਵਿਨਿਯਮਤ ਕਰਨ ਲਈ ਅਤੇ ਲਾਭਾਂ ਦੀ ਸਹੀ ਅਤੇ ਬਰਾਬਰ ਵੰਡ ਲਈ ਦਿਸ਼ਾ ਨਿਰਦੇਸ਼ ਜਾਰੀ ਕਰੇਗੀ।

(2) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਖੰਡ 3, 4 ਅਤੇ 6 ਵਿਚ ਦਰਸਾਏ ਅਨੁਸਾਰ ਕਿਸੇ ਗਤੀਵਿਧੀ ਲਈ ਪਰਵਾਨਗੀ ਦੇ ਸਕਦੀ ਹੈ।

(3) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ:

(ੳ) ਕੇਂਦਰ ਸਰਕਾਰ ਨੂੰ ਜੈਵਿਕ ਵਿਭਿੰਨਤਾ ਦੀ ਸੰਭਾਲ ਨਾਲ ਸੰਬੰਧਿਤ ਮਾਮਲਿਆਂ, ਇਸ ਦੇ ਸੰਘਟਕਾਂ ਦੀ ਸਥਾਈ ਵਰਤੋਂ ਅਤੇ ਜੈਵਿਕ ਸ੍ਰੋਤਾਂ ਦੀ ਵਰਤੋਂ ਵਿਚੋਂ ਪੈਦਾ ਹੋਣ ਵਾਲੇ ਲਾਭਾਂ ਦੀ ਬਰਾਬਰ ਵੰਡ ਸੰਬੰਧੀ ਸਲਾਹ ਦੇ ਸਕਦੀ ਹੈ।

(ਅ) ਰਾਜ ਸਰਕਾਰ ਨੂੰ ਖੰਡ 37 ਦੇ ਉਪ ਧਾਰਾ (1) ਅਧੀਨ ਵਿਰਾਸਤੀ ਸਥਾਨਾਂ ਵਜੋਂ ਜੈਵਿਕ ਵਿਭਿੰਨਤਾ ਦੀ ਮਹੱਤਤਾ ਵਾਲੇ ਖੇਤਰਾਂ ਸੰਬੰਧੀ ਅਤੇ ਅਜਿਹੇ ਵਿਰਾਸਤੀ ਸਥਾਨਾਂ ਦੀ ਅਧਿਸੂਚਨਾ ਅਤੇ ਪ੍ਰਬੰਧ ਸੰਬੰਧੀ ਸਲਾਹ ਦੇ ਸਕਦੀ ਹੈ।

(ੲ) ਅਜਿਹੇ ਹੋਰ ਕਾਰਜ ਕਰ ਸਕਦੀ ਹੈ ਜਿਹੜੇ ਕਿ ਇਸ ਕਾਨੂੰਨ ਦੇ ਉਪਬੰਧਾਂ ਦੀ ਪੂਰਤੀ ਲਈ ਜ਼ਰੂਰੀ ਹਨ।

(4) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਕੇਂਦਰੀ ਸਰਕਾਰ ਦੀ ਤਰਫ਼ੋਂ ਭਾਰਤ ਤੋਂ ਬਾਹਰ ਕਿਸੇ ਦੇਸ਼ ਵਿਚ ਬੌਧਿਕ ਸੰਪਤੀ ਅਧਿਕਾਰਾਂ ਦੀ ਪ੍ਰਵਾਨਗੀ ਦਾ ਵਿਰੋਧ ਕਰ ਸਕਦੀ ਹੈ ਜੋ ਕਿ ਭਾਰਤ ਵਿੱਚੋਂ ਪ੍ਰਾਪਤ ਕੀਤੇ ਗਏ ਹੋਣ ਜਾਂ ਅਜਿਹੇ ਜੈਵਿਕ ਸ੍ਰੋਤ ਨਾਲ ਸੰਬੰਧ ਰੱਖਦੇ ਹੋਣ ਜੋ ਕਿ ਭਾਰਤ ਵਿੱਚੋਂ ਲਿਆ ਗਿਆ ਹੋਵੇ ।

ਅਧਿਆਇ-5

# ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਵੱਲੋਂ ਪਰਵਾਨਗੀ

**ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਵੱਲੋਂ ਕੁਝ ਵਿਸ਼ੇਸ਼ ਗਤੀਵਿਧੀਆਂ ਦੀ ਪਰਵਾਨਗੀ**

**19.** (1) ਖੰਡ 3 ਦੇ ਉਪ-ਖੰਡ (2) ਵਿਚ ਦਰਸਾਇਆ ਕੋਈ ਵਿਅਕਤੀ ਜਿਹੜਾ ਕਿ ਭਾਰਤ ਵਿਚ ਮਿਲਣ ਵਾਲੇ ਜੈਵਿਕ ਸ੍ਰੋਤਾਂ ਜਾਂ ਸੰਬੰਧਿਤ ਗਿਆਨ ਅਤੇ ਜਾਣਕਾਰੀ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਜਾਂ ਜੈਵਿਕ ਸਰਵੇ ਜਾਂ ਜੈਵਿਕ ਉਪਯੋਗਿਤਾ ਜਾਂ ਜੈਵਿਕ ਸ੍ਰੋਤਾਂ ਨਾਲ ਸੰਬੰਧਿਤ ਨਤੀਜਿਆਂ ਨੂੰ ਜੋ ਕਿ ਭਾਰਤ ਵਿੱਚੋਂ ਪ੍ਰਾਪਤ ਕੀਤੇ ਗਏ ਹੋਣ ਕਿਤੇ ਹੋਰ ਤਬਦੀਲ ਕਰਨਾ ਚਾਹੁੰਦਾ ਹੋਵੇ, ਤਾਂ ਉਹ ਅਜਿਹੇ ਰੂਪ ਵਿਚ ਇਕ ਅਰਜ਼ੀ ਅਤੇ ਅਜਿਹੀ ਫ਼ੀਸ ਦੇਵੇਗਾ ਜੋ ਕਿ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਵੱਲੋਂ ਨਿਰਧਾਰਤ ਕੀਤੀ ਗਈ ਹੋਵੇ ।

(2) ਕੋਈ ਵਿਅਕਤੀ ਜਿਹੜਾ ਕਿ ਪੇਟੈਂਟ ਜਾਂ ਬੌਧਿਕ ਸੰਪਤੀ ਸੁਰੱਖਿਆ ਦੇ ਹੋਰ ਰੂਪ ਲਈ ਭਾਰਤ ਵਿਚ ਜਾਂ ਇਸ ਤੋਂ ਬਾਹਰ ਜਿਵੇਂ ਕਿ ਖੰਡ 6 ਦੇ ਉਪਖੰਡ (1) ਵਿਚ ਦਰਸਾਇਆ ਗਿਆ ਹੈ,

ਅਨੁਸਾਰ ਅਜਿਹੇ ਰੂਪ ਅਤੇ ਢੰਗ ਨਾਲ ਬਿਨੈ ਪੱਤਰ ਕਰੇਗਾ ਜਿਵੇਂ ਕਿ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਵਲੋਂ ਨਿਰਧਾਰਤ ਕੀਤਾ ਗਿਆ ਹੈ ।

(3) ਉਪ ਖੰਡ (2) ਜਾਂ ਉਪ ਖੰਡ (1) ਅਧੀਨ ਬਿਨੈ ਪੱਤਰ ਪ੍ਰਾਪਤ ਹੋਣ ਉਪਰੰਤ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਜਿਵੇਂ ਕਿ ਇਹ ਅਜਿਹੀ ਤਫਤੀਸ਼ ਤੋਂ ਬਾਅਦ ਉਚਿਤ ਅਤੇ ਜ਼ਰੂਰੀ ਸਮਝੇ, ਇਸ ਉਦੇਸ਼ ਲਈ ਗਠਿਤ ਕੀਤੀ ਵਿਸ਼ੇਸ਼ਗ ਕਮੇਟੀ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਲਿਖਤੀ ਹੁਕਮ ਦੁਆਰਾ ਇਸ ਸੰਬੰਧ ਵਿਚ ਬਣਾਏ ਵਿਨਿਯਮਾਂ ਦੇ ਆਧਾਰ ਤੇ ਅਤੇ ਅਜਿਹੀਆਂ ਸ਼ਰਤਾਂ ਜਾਂ ਬੰਦਿਸ਼ਾਂ ਜਿਹੜੀਆ ਕਿ ਉਚਿਤ ਹੋਣ ਜਿਹਨਾਂ ਵਿਚ ਰੱਾਇਲਟੀ ਦੇ ਢੰਗ ਦੁਆਰਾ ਵਸੂਲੀ ਜਾਂ ਲਿਖ਼ਤ ਰੂਪ ਵਿਚ ਦਰਜ ਕਾਰਨਾਂ ਕਰਕੇ ਬਿਨੈ ਪੱਤਰ ਨੂੰ ਰੱਦ ਵੀ ਕਰ ਸਕਦੀ ਹੈ।

ਪਰ ਸ਼ਰਤ ਇਹ ਹੈ ਕਿ ਰੱਦ ਕਰਨ ਲਈ ਅਜਿਹਾ ਕੋਈ ਹੁਕਮ ਪ੍ਰਭਾਵਿਤ ਵਿਅਕਤੀ ਨੂੰ ਸੁਣਵਾਈ ਦਾ ਮੌਕਾ ਦੇਣ ਤੋਂ ਬਿਨਾਂ ਜਾਰੀ ਨਹੀ ਕੀਤਾ ਜਾਵੇਗਾ।

(4) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਇਸ ਖੰਡ ਅਧੀਨ ਇਸ ਵੱਲੋਂ ਜਾਰੀ ਕੀਤੀ ਹਰੇਕ ਪਰਵਾਨਗੀ ਲਈ ਜਨਤਕ ਸੂਚਨਾ ਜਾਰੀ ਕਰੇਗੀ ।

**ਜੈਵਿਕ ਸ੍ਰੋਤ ਜਾਂ ਜਾਣਕਾਰੀ ਦੀ ਤਬਦੀਲੀ**

**20.** (1) ਕੋਈ ਵਿਅਕਤੀ ਜਿਸ ਨੂੰ ਖੰਡ 19 ਅਧੀਨ ਪਰਵਾਨਗੀ ਦਿੱਤੀ ਗਈ ਹੋਵੇ ਉਹ ਕਿਸੇ ਜੈਵਿਕ ਸ੍ਰੋਤ ਨਾਲ ਸੰਬੰਧਿਤ ਜਾਣਕਾਰੀ ਜਾਂ ਜਾਣਕਾਰੀ ਦੀ ਤਬਦੀਲੀ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਪਰਵਾਨਗੀ ਤੋ ਬਿਨਾਂ ਨਹੀਂ ਕਰੇਗਾ ।

(2) ਕੋਈ ਵਿਅਕਤੀ ਜਿਹੜਾ ਕਿ ਉਪ ਖੰਡ (1) ਵਿਚ ਦਰਸਾਏ ਅਨੁਸਾਰ ਕਿਸੇ ਜੈਵਿਕ ਵਿਭਿੰਨਤਾ ਸ੍ਰੋਤ ਜਾਂ ਇਸ ਨਾਲ ਸੰਬੰਧਿਤ ਜਾਣਕਾਰੀ ਨੂੰ ਅੱਗੇ ਤਬਦੀਲ ਕਰਨਾ ਚਾਹੁੰਦਾ ਹੋਵੇ ਤਾਂ ਅਜਿਹੇ ਰੂਪ ਜਾਂ ਢੰਗ ਨਾਲ ਬਿਨੈ ਪੱਤਰ ਦੇਵੇਗਾ ਜੋ ਕਿ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੁਆਰਾ ਨਿਰਧਾਰਤ ਕੀਤਾ ਗਿਆ ਹੋਵੇ।

(3) ਉਪ ਖੰਡ (2) ਅਧੀਨ ਬਿਨੈ ਪੱਤਰ ਪ੍ਰਾਪਤ ਹੋਣ ਉਪਰੰਤ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਜਿਵੇਂ ਕਿ ਇਹ ਅਜਿਹੀ ਤਫਤੀਸ਼ ਤੋਂ ਬਾਅਦ ਉਚਿਤ ਅਤੇ ਜ਼ਰੂਰੀ ਸਮਝੇ, ਇਸ ਉਦੇਸ਼ ਲਈ ਗਠਿਤ ਕੀਤੀ ਵਿਸ਼ੇਸ਼ਗ ਕਮੇਟੀ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਲਿਖ਼ਤੀ ਹੁਕਮ ਦੁਆਰਾ ਇਸ ਸੰਬੰਧ ਵਿਚ ਬਣਾਏ ਵਿਨਿਯਮਾਂ ਦੇ ਆਧਾਰ ਤੇ ਅਤੇ ਅਜਿਹੀਆਂ ਸ਼ਰਤਾਂ ਜਾਂ ਬੰਦਿਸ਼ਾਂ ਜਿਹੜੀਆਂ ਕਿ ਉਚਿਤ ਹੋਣ ਜਿਹਨਾਂ ਵਿਚ ਰੱਾਇਲਟੀ ਦੇ ਢੰਗ ਦੁਆਰਾ ਵਸੂਲੀ ਜਾਂ ਲਿਖਤ ਰੂਪ ਵਿਚ ਦਰਜ ਕਾਰਨ ਬਿਨੈ ਪੱਤਰ ਨੂੰ ਰੱਦ ਵੀ ਕਰ ਸਕਦੀ ਹੈ।

ਪਰ ਸ਼ਰਤ ਇਹ ਹੈ ਕਿ ਰੱਦ ਕਰਨ ਲਈ ਅਜਿਹਾ ਕੋਈ ਹੁਕਮ ਪ੍ਰਭਾਵਿਤ ਵਿਅਕਤੀ ਨੂੰ ਸੁਣਵਾਈ ਦਾ ਮੌਕਾ ਦੇਣ ਤੋਂ ਬਿਨਾਂ ਜਾਰੀ ਨਹੀ ਕੀਤਾ ਜਾਵੇਗਾ।

(iv) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਇਸ ਖੰਡ ਅਧੀਨ ਇਸ ਵੱਲੋਂ ਜਾਰੀ ਕੀਤੀ ਹਰੇਕ ਪਰਵਾਨਗੀ ਜਨਤਕ ਸੂਚਨਾ ਲਈ ਜਾਰੀ ਕਰੇਗੀ ।

**ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੁਆਰਾ ਲਾਭਾਂ ਦੀ ਬਰਾਬਰ ਵੰਡ ਸੰਬੰਧੀ ਨਿਰਧਾਰਣ**

**21.** (1) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਖੰਡ 20 ਜਾਂ 19 ਅਧੀਨ ਪਰਵਾਨਗੀ ਦਿੰਦਿਆਂ ਇਸ ਗੱਲ ਨੂੰ ਯਕੀਨੀ ਬਣਾਏਗੀ ਕਿ ਜਿਨ੍ਹਾਂ ਸ਼ਰਤਾਂ ਅਤੇ ਬੰਦਿਸ਼ਾਂ ਅਧੀਨ ਪਰਵਾਨਗੀ ਦਿੱਤੀ ਜਾ ਰਹੀ ਹੈ ਉਹ ਜੈਵਿਕ ਸ੍ਰੋਤਾਂ ਅਤੇ ਉਹਨਾਂ ਦੇ ਉਤਪਾਦਾਂ ਆਦਿ ਤੋਂ ਪ੍ਰਾਪਤ ਲਾਭਾਂ ਦੀ ਬਰਾਬਰ ਵੰਡ ਨੂੰ ਯਕੀਨੀ ਬਣਾਉਂਦੀ ਹੈ ਅਤੇ ਉਹਨਾਂ ਦੀ ਵਰਤੋਂ ਨਾਲ ਸੰਬੰਧਿਤ ਨਵੀਆਂ ਤਕਨੀਕਾਂ ਅਤੇ ਵਿਵਹਾਰ ਅਤੇ ਇਸ ਨਾਲ ਸੰਬੰਧਿਤ ਜਾਣਕਾਰੀ ਸੰਬੰਧੀ ਆਪਸੀ ਸ਼ਰਤਾਂ ਅਤੇ ਬੰਦਿਸ਼ਾਂ ਬਾਰੇ ਅਜਿਹੀ ਪ੍ਰਵਾਨਗੀ ਲਈ ਬਿਨੈ ਪੱਤਰ ਕਰ ਰਹੇ ਵਿਅਕਤੀ, ਸੰਬੰਧਿਤ ਸਥਾਨਕ ਸੰਸਥਾਵਾਂ ਅਤੇ ਲਾਭ ਪਾਤਰੀਆਂ ਦਰਮਿਆਨ ਆਪਸੀ ਸਹਿਮਤੀ ਹੋ ਗਈ ਹੈ ਜਾਂ ਨਹੀਂ ।

(2) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਇਸ ਸੰਬੰਧ ਵਿਚ ਨਿਰਧਾਰਤ ਵਿਨਿਯਮਾਂ ਦੇ ਆਧਾਰ ਤੇ ਲਾਭ ਵੰਡ ਨਿਰਧਾਰਤ ਕਰੇਗੀ, ਜਿਸ ਨੂੰ ਨਿਮਨ ਅਨੁਸਾਰ ਸਾਰੇ ਜਾਂ ਕਿਸੇ ਇਕ ਢੰਗ ਨਾਲ ਵਰਤੋਂ ਵਿਚ ਲਿਆਦਾਂ ਜਾਵੇਗਾ, ਅਰਥਾਤ:

(ੳ) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਨੂੰ ਬੌਧਿਕ ਸੰਪਤੀ ਅਧਿਕਾਰਾਂ ਦੀ ਸੰਯੁਕਤ ਮਲਕੀਅਤ ਦੀ ਪ੍ਰਵਾਨਗੀ ਜਾਂ ਜਿਥੇ ਅਜਿਹੇ ਲਾਭ ਪਾਤਰੀਆਂ ਦੀ ਸ਼ਨਾਖ਼ਤ ਹੋ ਗਈ ਹੋਵੇ, ਉਹਨਾਂ ਨੂੰ ਪ੍ਰਵਾਨਗੀ ;

(ਅ) ਤਕਨਾਲੋਜੀ ਦੀ ਤਬਦੀਲੀ ;

(ੲ) ਅਜਿਹੇ ਖੇਤਰਾਂ ਵਿਚ ਉਤਪਾਦਨ, ਖੋਜ ਅਤੇ ਵਿਕਾਸ ਇਕਾਈਆਂ ਦੀ ਸਥਾਪਤੀ ਜਿਹੜੇ ਕਿ ਲਾਭਪਾਤਰੀਆਂ ਦੇ ਜੀਵਨ ਪੱਧਰ ਨੂੰ ਵਧੀਆ ਬਣਾਉਣਗੀਆਂ ;

(ਸ) ਜੈਵਿਕ ਸ੍ਰੋਤਾਂ ਅਤੇ ਜੈਵਿਕ ਸਰਵੇ ਅਤੇ ਜੈਵਿਕ ਉਪਭੋਗਤਾ ਵਿਚ ਭਾਰਤੀ ਵਿਗਿਆਨਕਾਂ, ਲਾਭਪਾਤਰੀਆਂ ਅਤੇ ਸਥਾਨਕ ਲੋਕਾਂ ਦੀ ਖੋਜ ਅਤੇ ਵਿਕਾਸ ਵਿਚ ਭਾਈਵਾਲੀ;

(ਹ) ਲਾਭਪਾਤਰੀਆਂ ਨੂੰ ਸਹਾਇਤਾ ਪਹੁੰਚਾਉਣ ਲਈ ਸਾਹਸੀ ਪੂੰਜੀ ਫੰਡ ਦੀ ਸਥਾਪਤੀ ;

(ਕ) ਜਿਵੇਂ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਉਚਿਤ ਸਮਝੇ ਉਸ ਅਨੁਸਾਰ ਲਾਭ ਪਾਤਰੀਆਂ ਨੂੰ ਵਿੱਤੀ ਮੁਆਵਜ਼ੇ ਅਤੇ ਗ਼ੈਰ ਵਿੱਤੀ ਲਾਭਾਂ ਦੀ ਅਦਾਇਗੀ;

(3) ਲਾਭ ਵੰਡ ਦੇ ਤਰੀਕੇ ਦੁਆਰਾ ਕਿਸੇ ਰਕਮ ਦੀ ਵੰਡ ਦਾ ਆਦੇਸ਼ ਦਿੱਤਾ ਜਾਂਦਾ ਹੈ ਤਾਂ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਰਕਮ ਨੂੰ ਕੌਮੀ ਜੈਵਿਕ ਵਿਭਿੰਨਤਾ ਫੰਡ ਵਿਚ ਜਮ੍ਹਾਂ ਕਰਵਾਉਣ ਦਾ ਆਦੇਸ਼ ਦੇ ਸਕਦੀ ਹੈ ।

ਪਰ ਸ਼ਰਤ ਇਹ ਹੈ ਕਿ ਜਿਥੇ ਜੈਵਿਕ ਸ੍ਰੋਤ ਜਾਂ ਗਿਆਨ ਕਿਸੇ ਵਿਸ਼ੇਸ਼ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਜਾਂ ਸੰਗਠਨਾਂ ਦੀ ਪਹੁੰਚ ਦੇ ਨਤੀਜੇ ਵਜੋਂ ਹੋਵੇ ਤਾਂ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਇਹ ਨਿਰਦੇਸ਼ ਦੇ ਸਕਦੀ ਹੈ ਕਿ ਇਹ ਰਕਮ ਅਜਿਹੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਜਾਂ ਸੰਗਠਨਾਂ ਨੂੰ ਕਿਸੇ ਇਕਰਾਰਨਾਮੇ ਦੀਆਂ

ਸ਼ਰਤਾਂ ਦੇ ਮੁਤਾਬਿਕ ਅਤੇ ਅਜਿਹੇ ਢੰਗ ਨਾਲ ਅਦਾ ਕੀਤੀ ਜਾਵੇ ਜਿਵੇਂ ਕਿ ਇਹ ਉਚਿਤ ਸਮਝੇ ।

(4) ਇਸ ਖੰਡ ਦੇ ਉਦੇਸ਼ਾਂ ਲਈ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਕੇਂਦਰੀ ਸਰਕਾਰ ਨਾਲ ਸਲਾਹ ਮਸ਼ਵਰੇ ਦੁਆਰਾ ਦਿਸ਼ਾ ਨਿਰਦੇਸ਼ ਸਥਾਪਤ ਕਰੇਗੀ।

ਅਧਿਆਇ-6

## ਰਾਜ ਜੈਵਿਕ ਵਿਭਿੰਨਤਾ ਬੋਰਡ

**ਰਾਜ ਜੈਵਿਕ ਵਿਭਿੰਨਤਾ ਬੋਰਡ ਦੀ ਸਥਾਪਨਾ**

**22.** (1) ਅਜਿਹੀ ਮਿਤੀ ਤੋਂ ਜਿਹੜੀ ਕਿ ਰਾਜ ਸਰਕਾਰ ਅਧਿਸੂਚਨਾ ਦੁਆਰਾ ਇਸ ਸੰਬੰਧ ਵਿਚ ਸਰਕਾਰੀ ਗਜ਼ਟ ਵਿਚ ਨਿਰਧਾਰਤ ਕਰੇਗੀ, ਸਰਕਾਰ ਵਲੋਂ ਇਸ ਕਾਨੂੰਨ ਦੇ ਉਦੇਸ਼ਾਂ ਲਈ ਰਾਜ ਲਈ ਇਕ ਬੋਰਡ ਦਾ ਗਠਨ ਕੀਤਾ ਜਾਵੇਗਾ ਜੋ ਕਿ ............ (ਰਾਜ ਦਾ ਨਾਂ) ਜੈਵਿਕ ਵਿਭਿੰਨਤਾ ਬੋਰਡ ਵਜੋਂ ਜਾਣਿਆ ਜਾਵੇਗਾ।

(2) ਇਸ ਖੰਡ ਵਿਚ ਸ਼ਾਮਲ ਕਿਸੇ ਚੀਜ਼ ਤੋਂ ਇਲਾਵਾ ਕੇਂਦਰੀ ਸ਼ਾਸਤ ਪ੍ਰਦੇਸ਼ ਲਈ ਕੋਈ ਰਾਜ ਜੈਵਿਕ ਵਿਭਿੰਨਤਾ ਬੋਰਡ ਸਥਾਪਤ ਨਹੀਂ ਕੀਤਾ ਜਾਵੇਗਾ ਤੇ ਕੇਂਦਰੀ ਸ਼ਾਸਤ ਪ੍ਰਦੇਸ਼ ਦੇ ਸੰਬੰਧ ਵਿਚ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਕੇਂਦਰੀ ਸ਼ਕਤੀਆਂ ਦੀ ਵਰਤੋਂ ਕਰੇਗੀ ਤੇ ਕਾਰਜਾਂ ਨੂੰ ਨਿਭਾਏਗੀ:

ਪਰ ਸ਼ਰਤ ਇਹ ਹੈ ਕਿ ਕਿਸੇ ਕੇਂਦਰੀ ਸ਼ਾਸਤ ਪ੍ਰਦੇਸ਼ ਦੇ ਸੰਬੰਧ ਵਿਚ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਇਸ ਖੰਡ ਅਧੀਨ ਸਾਰੀਆਂ ਜਾਂ ਕੋਈ ਇਕ ਸ਼ਕਤੀ ਕਿਸੇ ਇਕ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਨੂੰ ਸੌਂਪ ਸਕਦੀ ਹੈ ਜਿਸ ਨੂੰ ਕੇਂਦਰੀ ਸਰਕਾਰ ਨਿਰਧਾਰਤ ਕਰੇਗੀ ।

(3) ਬੋਰਡ ਉਪਰੋਕਤ ਵਰਣਿਤ ਨਾਮ ਅਨੁਸਾਰ ਨਿਗਮਿਤ ਸੰਸਥਾ ਹੋਵੇਗੀ ਜਿਸ ਦੀ ਸਦੀਵੀ ਨਿਰੰਤਰਤਾ ਅਤੇ ਆਪਣੀ ਸਾਂਝੀ ਮੁਹਰ ਹੋਵੇਗੀ ਅਤੇ ਇਸ ਨੂੰ ਚੱਲ ਅਤੇ ਅਚੱਲ ਦੋਵੇਂ ਪ੍ਰਕਾਰ ਦੀ ਸੰਪਤੀ ਪ੍ਰਾਪਤ ਕਰਨ, ਰੱਖਣ ਅਤੇ ਨਿਪਟਾਰਾ ਕਰਨ ਅਤੇ ਠੇਕੇ ਤੇ ਦੇਣ ਦਾ ਅਧਿਕਾਰ ਹੋਵੇਗਾ ਅਤੇ ਇਹ ਉਪਰੋਕਤ ਵਰਣਿਤ ਨਾਂ ਅਧੀਨ ਦਾਅਵਾ ਆਦਿ ਦਾਇਰ ਕਰ ਸਕਦਾ ਹੈ ।

(4) ਬੋਰਡ ਵਿਚ ਨਿਮਨ ਮੈਂਬਰ ਸ਼ਾਮਲ ਹੋਣਗੇ, ਅਰਥਾਤ:

(ੳ) ਇਕ ਚੇਅਰਪਰਸਨ ਜੋ ਕਿ ਜੈਵਿਕ ਵਿਭਿੰਨਤਾ ਨਾਲ ਸੰਬੰਧਿਤ ਮਾਮਲਿਆਂ ਵਿਚ ਜੈਵਿਕ ਵਿਭਿੰਨਤਾ ਦੀ ਸੰਭਾਲ ਅਤੇ ਨਿਰੰਤਰਤਾ ਸੰਬੰਧੀ ਜਾਣਕਾਰੀ ਅਤੇ ਤਜ਼ਰਬਾ ਰੱਖਣ ਵਾਲਾ ਪ੍ਰਤਾਪੀ ਵਿਅਕਤੀ ਹੋਵੇਗਾ ਜਿਸ ਨੂੰ ਲਾਭਾਂ ਦੇ ਬਰਾਬਰ ਵੰਡ ਸੰਬੰਧੀ ਮੁਕੰਮਲ ਜਾਣਕਾਰੀ ਹੋਵੇਗੀ। ਅਜਿਹੇ ਵਿਅਕਤੀ ਦੀ ਨਿਯੁਕਤੀ ਰਾਜ ਸਰਕਾਰ ਦੁਆਰਾ ਕੀਤੀ ਜਾਵੇਗੀ।

(ਅ) ਰਾਜ ਸਰਕਾਰ ਦੇ ਸੰਬੰਧਿਤ ਵਿਭਾਗਾਂ ਦੀ ਪ੍ਰਤੀਨਿਧਤਾ ਲਈ ਰਾਜ ਸਰਕਾਰ ਦੁਆਰਾ ਪੰਜ ਤੋਂ ਵਧੇਰੇ ਪਦ ਵਾਲੇ ਮੈਂਬਰਾਂ ਦੀ ਨਿਯੁਕਤੀ ਨਹੀਂ ਕੀਤੀ ਜਾਵੇਗੀ।

(ੲ) ਜੈਵਿਕ ਵਿਭਿੰਨਤਾ ਦੀ ਸੰਭਾਲ ਨਾਲ ਸੰਬੰਧਿਤ ਮਾਮਲਿਆਂ, ਜੈਵਿਕ ਸ੍ਰੋਤਾਂ ਦੀ ਸਥਾਈ ਵਰਤੋਂ ਵਿਚੋ ਪੈਦਾ ਹੋਣ ਵਾਲੇ ਲਾਭਾਂ ਦੀ ਬਰਾਬਰ ਵੰਡ ਲਈ ਮਾਹਰ ਵਿਅਕਤੀਆਂ ਵਿਚੋਂ ਪੰਜ ਤੋਂ ਵਧੇਰੇ ਮੈਂਬਰਾਂ ਦੀ ਨਿਯੁਕਤੀ ਨਹੀਂ ਕੀਤੀ ਜਾਵੇਗੀ।

(5) ਰਾਜ ਜੈਵਿਕ ਵਿਭਿੰਨਤਾ ਬੋਰਡ ਦਾ ਮੁੱਖ ਦਫ਼ਤਰ ਅਜਿਹੀ ਥਾਂ ਤੇ ਹੋਵੇਗਾ ਜਿਹੜਾ ਕਿ ਰਾਜ ਸਰਕਾਰ ਦੇ ਸਰਕਾਰੀ ਗਜ਼ਟ ਵਿਚ ਅਧਿਸੂਚਨਾ ਦੁਆਰਾ ਨਿਰਧਾਰਤ ਕੀਤਾ ਜਾਵੇਗਾ।

**ਰਾਜ ਜੈਵਿਕ ਵਿਭਿੰਨਤਾ ਬੋਰਡ ਦੇ ਕਾਰਜ**

**23.** ਰਾਜ ਜੈਵਿਕ ਵਿਭਿੰਨਤਾ ਬੋਰਡ ਦੇ ਕਾਰਜ ਇਸ ਪ੍ਰਕਾਰ ਹਨ :

(ੳ) ਜੈਵਿਕ ਵਿਭਿੰਨਤਾ ਨਾਲ ਸੰਬੰਧਿਤ ਮਾਮਲਿਆਂ ਦੀ ਸੰਭਾਲ, ਇਸ ਦੇ ਸੰਘਟਕਾਂ ਦੀ ਸਥਾਈ ਵਰਤੋਂ ਅਤੇ ਜੈਵਿਕ ਸ੍ਰੋਤਾਂ ਵਿੱਚੋਂ ਪੈਦਾ ਹੋਣ ਵਾਲੇ ਲਾਭਾਂ ਦੀ ਬਰਾਬਰ ਵੰਡ ਸੰਬੰਧੀ ਕੇਂਦਰੀ ਸਰਕਾਰ ਵੱਲੋਂ ਜਾਰੀ ਕੀਤੇ ਦਿਸ਼ਾ ਨਿਰਦੇਸ਼ਾਂ ਸੰਬੰਧੀ ਸਲਾਹ ਦੇਣਾ।

(ਅ) ਭਾਰਤੀਆਂ ਦੁਆਰਾ ਕਿਸੇ ਜੈਵਿਕ ਸ੍ਰੋਤ ਦੀ ਵਰਤੋਂ ਅਤੇ ਜੈਵਿਕ ਸਰਵੇ ਜਾਂ ਵਪਾਰਕ ਵਰਤੋਂ ਲਈ ਪਰਵਾਨਗੀ ਜਾਂ ਹੋਰ ਢੰਗ ਨਾਲ ਦਿੱਤੀਆਂ ਬੇਨਤੀਆਂ ਨੂੰ ਨਿਯੰਤ੍ਰਿਤ ਕਰਨਾ।

(ੲ) ਅਜਿਹੇ ਹੋਰ ਕਾਰਜ ਨਿਭਾਉਣੇ ਜਿਹੜੇ ਇਸ ਕਾਨੂੰਨ ਦੇ ਉਪਬੰਧਾਂ ਦੀ ਪਾਲਣਾ ਲਈ ਜ਼ਰੂਰੀ ਹੋਣ ਜਾਂ ਜਿਹੜੇ ਰਾਜ ਸਰਕਾਰ ਦੁਆਰਾ ਨਿਰਧਾਰਤ ਕੀਤੇ ਗਏ ਹੋਣ।

**ਰਾਜ ਜੈਵਿਕ ਵਿਭਿੰਨਤਾ ਬੋਰਡ ਦਾ ਅਧਿਕਾਰ ਹੈ ਕਿ ਉਹ ਕੁਝ ਵਿਸ਼ੇਸ਼ ਗਤੀਵਿਧੀਆਂ ਤੇ ਰੋਕ ਲਾ ਸਕਦਾ ਹੈ ਜਿਹੜੀ ਕਿ ਸੁਰੱਖਿਆ ਦੇ ਉਦੇਸ਼ਾਂ ਦੀ ਉਲੰਘਣਾ ਕਰਦੀਆਂ ਹੋਣ ਆਦਿ**

**24.** (1) ਭਾਰਤ ਦਾ ਕੋਈ ਵੀ ਨਾਗਰਿਕ ਜਾਂ ਨਿਗਮਿਤ ਸੰਸਥਾ, ਸੰਗਠਨ ਜਾਂ ਸਭਾ ਜੋ ਕਿ ਭਾਰਤ ਵਿਚ ਰਜਿਸਟਰਡ ਹੋਵੇ ਅਤੇ ਖੰਡ (7) ਵਿਚ ਦਰਸਾਏ ਅਨੁਸਾਰ ਕੋਈ ਗਤੀਵਿਧੀ ਕਰਨਾ ਚਾਹੁੰਦਾ ਹੋਵੇ ਉਹ ਅਜਿਹੇ ਫ਼ਾਰਮ ਵਿਚ ਅਗਾਊਂ ਸੂਚਨਾ ਦੇਵੇਗਾ; ਜੋ ਕਿ ਰਾਜ ਸਰਕਾਰ ਵੱਲੋਂ ਰਾਜ ਜੈਵਿਕ ਵਿਭਿੰਨਤਾ ਬੋਰਡ ਲਈ ਨਿਰਧਾਰਤ ਕੀਤਾ ਗਿਆ ਹੋਵੇ।

(2) ਉਪ ਖੰਡ (1) ਅਧੀਨ ਕਿਸੇ ਸੂਚਨਾ ਦੇ ਪ੍ਰਾਪਤ ਹੋਣ ਉਪਰੰਤ ਰਾਜ ਜੈਵਿਕ ਵਿਭਿੰਨਤਾ ਬੋਰਡ ਸੰਬੰਧਿਤ ਸਥਾਨਕ ਸੰਸਥਾਵਾਂ ਨਾਲ ਸਲਾਹ ਮਸ਼ਵਰੇ ਦੁਆਰਾ ਅਤੇ ਅਜਿਹੀ ਜਾਂਚ ਕਰਨ ਉਪਰੰਤ ਜੋ ਕਿ ਇਹ ਉਚਿਤ ਸਮਝੇ, ਲਿਖ਼ਤੀ ਹੁਕਮ ਦੁਆਰਾ ਅਜਿਹੀ ਕਿਸੇ ਗਤੀਵਿਧੀ ਤੇ ਰੋਕ ਜਾਂ ਮਨਾਹੀ ਕਰ ਸਕਦਾ ਹੈ ਜੇਕਰ ਇਸ ਦੀ ਰਾਏ ਅਨੁਸਾਰ ਅਜਿਹੀ ਗਤੀਵਿਧੀ ਜੈਵਿਕ ਵਿਭਿੰਨਤਾ ਦੀ ਸਥਾਈ ਵਰਤੋਂ ਜਾਂ ਇਸ ਦੇ ਉਦੇਸ਼ਾਂ ਜਾਂ ਅਜਿਹੀ ਗਤੀਵਿਧੀ ਦੁਆਰਾ ਪੈਦਾ ਹੋਣ ਵਾਲੇ ਲਾਭਾਂ ਦੀ ਬਰਾਬਰ ਵੰਡ ਦੇ ਵਿਰੁੱਧ ਹੋਵੇ।

ਪਰ ਸ਼ਰਤ ਇਹ ਹੈ ਕਿ ਅਜਿਹਾ ਕੋਈ ਹੁਕਮ ਪ੍ਰਭਾਵਿਤ ਵਿਅਕਤੀ ਨੂੰ ਸੁਣਵਾਈ ਦਾ ਮੌਕਾ ਦਿੱਤੇ ਬਗ਼ੈਰ ਜਾਰੀ ਨਹੀ ਕੀਤਾ ਜਾਵੇਗਾ।

(3) ਅਗਾਊਂ ਸੂਚਨਾ ਲਈ ਉਪ ਖੰਡ (1) ਵਿਚ ਦਰਸਾਏ ਫ਼ਾਰਮ ਵਿਚ ਦਿੱਤੀ ਗਈ ਜਾਣਕਾਰੀ ਗੁਪਤ ਰੱਖੀ ਜਾਵੇਗੀ ਅਤੇ ਕਿਸੇ ਵਿਅਕਤੀ ਨੂੰ ਜਿਹੜਾ ਕਿ ਇਸ ਨਾਲ ਸੰਬੰਧਿਤ ਨਾ ਹੋਵੇ, ਜਾਣ-ਬੁੱਝ ਕੇ ਜਾਂ ਅਣਚਾਹੇ ਰੂਪ ਵਿਚ ਉਜਾਗਰ ਨਹੀਂ ਕੀਤੀ ਜਾਵੇਗੀ।

**ਖੰਡ 9 ਤੋ 17 ਦੇ ਉਪਬੰਧ ਰਾਜ ਜੈਵਿਕ ਵਿਭਿੰਨਤਾ ਬੋਰਡ ਉੱਪਰ ਸੋਧਾਂ ਨਾਲ ਲਾਗੂ ਹੋਣਗੇ**

**25.** ਖੰਡ 9 ਤੋਂ 17 ਤੱਕ ਦੇ ਉਪਬੰਧ ਰਾਜ ਜੈਵਿਕ ਵਿਭਿੰਨਤਾ ਬੋਰਡ ਉਪਰ ਲਾਗੂ ਹੋਣਗੇ ਅਤੇ ਨਿਮਨ ਸੋਧਾਂ ਦੀ ਸ੍ਰਤ ਤੇ ਲਾਗੂ ਹੋਣਗੇ, ਅਰਥਾਤ

(ੳ) ਕੇਂਦਰੀ ਸਰਕਾਰ ਦੇ ਹਵਾਲਿਆਂ ਨੂੰ ਰਾਜ ਸਰਕਾਰ ਦੇ ਹਵਾਲਿਆਂ ਵਜੋਂ ਮੰਨਿਆ ਜਾਵੇਗਾ।

(ਅ) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਹਵਾਲੇ ਰਾਜ ਜੈਵਿਕ ਵਿਭਿੰਨਤਾ ਬੋਰਡ ਦੇ ਹਵਾਲਿਆਂ ਵਜੋਂ ਮੰਨੇ ਜਾਣ।

(ੲ) ਭਾਰਤ ਦੇ ਏਕੀਕ੍ਰਿਤ ਫੰਡ ਦੇ ਹਵਾਲੇ ਰਾਜ ਏਕੀਕ੍ਰਿਤ ਫੰਡ ਦੇ ਹਵਾਲਿਆਂ ਵਜੋਂ ਮੰਨੇ ਜਾਣਗੇ।

ਅਧਿਆਇ-7

# ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਵਿੱਤ, ਖ਼ਾਤੇ ਅਤੇ ਲੇਖਾ ਜਾਂਚ

**ਕੇਂਦਰੀ ਸਰਕਾਰ ਦੁਆਰਾ ਗ੍ਰਾਂਟਾਂ ਅਤੇ ਕਰਜ਼ੇ**

**26.** ਕੇਂਦਰੀ ਸਰਕਾਰ ਸੰਸਦ ਵੱਲੋਂ ਇਸ ਸੰਬੰਧ ਵਿਚ ਉਚਿਤ ਉਪਬੰਧ ਕੀਤੇ ਜਾਣ ਤੋਂ ਬਾਅਦ, ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਨੂੰ ਗ੍ਰਾਂਟਾਂ ਜਾ ਕਰਜ਼ਿਆਂ ਦੇ ਰੂਪ ਵਿਚ ਅਜਿਹੀਆਂ ਰਕਮਾਂ ਦੇ ਸਕਦੀ ਹੈ ਜਿਹੜੀਆਂ ਕਿ ਕੇਂਦਰੀ ਸਰਕਾਰ ਇਸ ਕਾਨੂੰਨ ਦੇ ਉਦੇਸ਼ਾਂ ਲਈ ਵਰਤੀਆਂ ਜਾਣੀਆਂ ਉਚਿਤ ਸਮਝੇ।

**ਕੌਮੀ ਜੈਵਿਕ ਵਿਭਿੰਨਤਾ ਫੰਡ ਦੀ ਸਥਾਪਤੀ**

**27.** (1) ਕੌਮੀ ਜੈਵਿਕ ਵਿਭਿੰਨਤਾ ਫੰਡ ਦੀ ਸਥਾਪਨਾ ਕੀਤੀ ਜਾਵੇਗੀ ਅਤੇ ਇਸ ਨੂੰ ਇਸ ਢੰਗ ਨਾਲ ਦਿੱਤਾ ਜਾਵੇਗਾ :

(ੳ) ਖੰਡ (26) ਅਧੀਨ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਨੂੰ ਦਿੱਤੀ ਕੋਈ ਗ੍ਰਾਂਟ;

(ਅ) ਇਸ ਕਾਨੂੰਨ ਅਧੀਨ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਵੱਲੋਂ ਪ੍ਰਾਪਤ ਸਾਰੀਆਂ ਵਸੂਲੀਆਂ ਅਤੇ ਰੱਾਇਲਟੀਆਂ ਅਤੇ

(ੲ) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਵੱਲੋਂ ਅਜਿਹੇ ਹੋਰ ਸ੍ਰੋਤਾਂ ਤੋਂ ਜਿਹੜੇ ਕਿ ਕੇਂਦਰ ਸਰਕਾਰ ਦੁਆਰਾ ਨਿਰਧਾਰਤ ਕੀਤੇ ਗਏ ਹੋਣ, ਰਾਹੀਂ ਪ੍ਰਾਪਤ ਸਾਰੀਆਂ ਰਕਮਾਂ।

(2) ਫੰਡ ਦੀ ਵਰਤੋਂ ਇਸ ਪ੍ਰਕਾਰ ਕੀਤੀ ਜਾਵੇਗੀ :

(ੳ) ਲਾਭਪਾਤਰੀ ਨੂੰ ਲਾਭਾਂ ਦੀ ਉਚਿਤ ਪ੍ਰਾਪਤੀ ਲਈ

(ਅ) ਜੈਵਿਕ ਸ੍ਰੋਤਾਂ ਦੀ ਪ੍ਰਗਤੀ ਅਤੇ ਸੰਭਾਲ ਅਤੇ ਉਨ੍ਹਾਂ ਖੇਤਰਾਂ ਦਾ ਵਿਕਾਸ ਜਿਥੋਂ ਅਜਿਹੇ ਜੈਵਿਕ ਸ੍ਰੋਤ ਪ੍ਰਾਪਤ ਕੀਤੇ ਗਏ ਹੋਣ ਜਾਂ ਉਸ ਨਾਲ ਸੰਬੰਧਿਤ ਜਾਣਕਾਰੀ ਮਿਲਦੀ ਹੋਵੇ ;

(ੲ) ਸੰਬੰਧਿਤ ਸਥਾਨਕ ਸੰਸਥਾਵਾਂ ਨਾਲ ਸਲਾਹ ਮਸ਼ਵਰੇ ਦੁਆਰਾ ਧਾਰਾ (ਅ) ਵਿਚ ਦਰਸਾਏ ਅਨੁਸਾਰ ਖੇਤਰਾਂ ਦਾ ਸਮਾਜਿਕ ਅਤੇ ਆਰਥਿਕ ਵਿਕਾਸ।

**ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਸਾਲਾਨਾ ਰਿਪੋਟ**

**28.** ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਅਜਿਹੇ ਢੰਗ ਅਤੇ ਅਜਿਹੇ ਸਮੇਂ ਤੇ ਹਰੇਕ ਵਿੱਤੀ ਸਾਲ ਦੌਰਾਨ ਜਿਹੜਾ ਕਿ ਨਿਰਧਾਰਤ ਕੀਤਾ ਗਿਆ ਹੋਵੇ ਇਸ ਦੀ ਸਾਲਾਨਾ ਰਿਪੋਟ ਤਿਆਰ ਕਰੇਗੀ ਜਿਸ ਵਿਚ ਪਿਛਲੇ ਸਾਲ ਦੀਆਂ ਗਤੀਵਿਧੀਆਂ ਦਾ ਮੁਕੰਮਲ ਵੇਰਵਾ ਹੋਵੇ ਅਤੇ ਇਹ ਕੇਂਦਰ ਸਰਕਾਰ ਨੂੰ ਨਿਰਧਾਰਤ ਮਿਤੀ ਤੋ ਪਹਿਲਾਂ ਪੇਸ਼ ਕੀਤੀ ਜਾਵੇਗੀ ਅਤੇ ਇਸ ਵਿਚ ਲੇਖਾਕਾਰ ਦੀ ਰਿਪੋਟ ਸਹਿਤ ਖਾਤਿਆਂ ਦੀ ਜਾਂਚ ਦੀ ਕਾਪੀ ਵੀ ਸ਼ਾਮਲ ਕੀਤੀ ਜਾਵੇਗੀ ।

**ਬਜਟ, ਖ਼ਾਤੇ ਅਤੇ ਲੇਖਾ ਜਾਂਚ**

**29.** (1) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਬਜਟ ਤਿਆਰ ਕਰੇਗੀ, ਉਚਿਤ ਖ਼ਾਤੇ ਰੱਖੇਗੀ ਅਤੇ ਹੋਰ ਰਿਕਾਰਡ ਦਾ ਉਚਿਤ ਖ਼ਾਤੇ (ਕੌਮੀ ਜੈਵਿਕ ਵਿਭਿੰਨਤਾ ਫੰਡ ਦੇ ਲੇਖਾ ਜਾਂਚ ਅਤੇ ਦੂਸਰਾ ਸੰਬੰਧਿਤ ਰਿਕਾਰਡ) ਤਿਆਰ ਕਰੇਗੀ ਅਤੇ ਲੇਖਾ ਜਾਂਚ ਦੀ ਅਜਿਹੇ ਰੂਪ ਵਿਚ ਸਾਲਾਨਾ ਸਾਰਨੀ ਤਿਆਰ ਕਰੇਗੀ ਜੋ ਕਿ ਭਾਰਤ ਦੇ ਕੰਪਟਰੋਲਰ ਅਤੇ ਲੇਖਾਕਾਰ ਜਨਰਲ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਕੇਂਦਰ ਸਰਕਾਰ ਦੁਆਰਾ ਨਿਰਧਾਰਤ ਕੀਤੀ ਗਈ ਹੋਵੇ ।

(2) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਖ਼ਾਤੇ ਭਾਰਤ ਦੇ ਕੰਪਟਰੋਲਰ ਅਤੇ ਲੇਖਾਕਾਰ ਜਨਰਲ ਦੁਆਰਾ ਅਜਿਹੇ ਸਮਿਆਂ ਤੇ ਲੇਖਾ ਜਾਂਚ ਕੀਤੇ ਜਾਣਗੇ ਜੋ ਕਿ ਉਸ ਵੱਲੋਂ ਨਿਰਧਾਰਤ ਕੀਤੇ ਗਏ ਹੋਣ ਅਤੇ ਲੇਖਾ ਜਾਂਚ ਨਾਲ ਸੰਬੰਧਿਤ ਖ਼ਰਚ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੁਆਰਾ ਕੰਪਟਰੋਲਰ ਅਤੇ ਲੇਖਾਕਾਰ ਜਨਰਲ ਆਫ ਇੰਡੀਆ ਨੂੰ ਅਦਾਇਗੀ ਯੋਗ ਹੋਵੇਗਾ ।

(3) ਭਾਰਤ ਦਾ ਕੰਪਟਰੋਲਰ ਅਤੇ ਲੇਖਾਕਾਰ ਜਨਰਲ ਅਤੇ ਉਸ ਵੱਲੋਂ ਲੇਖਾ ਜਾਂਚ ਦੇ ਸੰਬੰਧ ਵਿਚ ਨਿਯੁਕਤ ਕੀਤੇ ਗਏ ਕਿਸੇ ਵਿਅਕਤੀ ਨੂੰ ਉਹੀ ਅਧਿਕਾਰ ਅਤੇ ਸਹੂਲਤਾਂ ਹੋਣਗੀਆਂ ਜੋ ਕਿ ਕੰਪਟਰੋਲਰ ਅਤੇ ਲੇਖਾਕਾਰ ਜਨਰਲ ਨੂੰ ਲੇਖਾ ਜਾਂਚ ਦੇ ਸੰਬੰਧ ਵਿਚ ਪ੍ਰਾਪਤ ਹੁੰਦੀਆਂ ਹਨ । ਵਿਸ਼ੇਸ਼ ਰੂਪ ਵਿਚ ਉਨ੍ਹਾਂ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਪੁਸਤਕਾਂ, ਖਾਤਿਆਂ, ਸੰਬੰਧਿਤ ਵਾਉਚਰਾਂ ਅਤੇ ਦੂਸਰੇ ਦਸਤਾਵੇਜ਼ਾਂ ਅਤੇ ਪੇਪਰਾਂ ਦੀ ਮੰਗ ਕਰ ਸਕੇਗਾ ਅਤੇ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਕਿਸੇ ਵੀ ਦਫ਼ਤਰ ਦਾ ਨਿਰੀਖਣ ਕਰ ਸਕਦਾ ਹੈ।

(4) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਖਾਤੇ ਜਿਹੜੇ ਕਿ ਭਾਰਤ ਦੇ ਕੰਪਟਰੋਲਰ ਅਤੇ ਲੇਖਾਕਾਰ ਜਨਰਲ ਜਾਂ ਉਸ ਵੱਲੋਂ ਇਸ ਸੰਬੰਧ ਵਿਚ ਨਿਯੁਕਤ ਕੀਤੇ ਗਏ ਵਿਅਕਤੀ ਤੋਂ ਤਸਦੀਕ ਕਰਨ ਉਪਰੰਤ ਲੇਖਾ ਜਾਂਚ ਰਿਪੋਟ ਸਮੇਤ ਕੇਂਦਰੀ ਸਰਕਾਰ ਨੂੰ ਭੇਜੇ ਜਾਣਗੇ।

**ਸਾਲਾਨਾ ਰਿਪੋਟ ਸੰਸਦ ਦੇ ਅੱਗੇ ਰੱਖੀ ਜਾਵੇਗੀ**

**30.** ਕੇਂਦਰੀ ਸਰਕਾਰ ਸਾਲਾਨਾ ਰਿਪੋਟ ਅਤੇ ਲੇਖਾਕਾਰ ਦੀ ਰਿਪੋਟ ਪ੍ਰਾਪਤ ਹੋਣ ਤੋਂ ਬਾਅਦ ਜਲਦੀ ਤੋਂ ਜਲਦੀ ਸੰਸਦ ਦੇ ਹਰੇਕ ਸਦਨ ਵਿਚ ਰੱਖੇਗੀ।

ਅਧਿਆਇ-8

# ਰਾਜ ਜੈਵਿਕ ਵਿਭਿੰਨਤਾ ਬੋਰਡ ਦੇ ਵਿੱਤ, ਖ਼ਾਤੇ ਅਤੇ ਲੇਖਾ ਜਾਂਚ

**ਰਾਜ ਸਰਕਾਰ ਦੁਆਰਾ ਰਾਜ ਜੈਵਿਕ ਵਿਭਿੰਨਤਾ ਬੋਰਡ ਨੂੰ ਪੈਸਿਆਂ ਦੀ ਗ੍ਰਾਂਟ**

**31.** ਰਾਜ ਸਰਕਾਰ, ਰਾਜ ਵਿਧਾਨਪਾਲਿਕਾ ਦੁਆਰਾ ਕਾਨੂੰਨ ਰਾਹੀਂ ਇਸ ਸੰਬੰਧ ਵਿਚ ਉਚਿਤ ਉਪਬੰਧ ਕਰਨ ਉਪਰੰਤ, ਰਾਜ ਜੈਵਿਕ ਵਿਭਿੰਨਤਾ ਬੋਰਡ ਨੂੰ ਗ੍ਰਾਂਟਾ ਜਾਂ ਕਰਜ਼ਿਆਂ ਦੇ ਰੂਪ ਵਿਚ ਅਜਿਹੀ ਰਕਮ ਦੇ ਸਕਦੀ ਹੈ

ਜਿਹੜੀ ਕਿ ਰਾਜ ਸਰਕਾਰ ਇਸ ਕਾਨੂੰਨ ਦੇ ਉਪਬੰਧਾਂ ਲਈ ਵਰਤੀ ਜਾਣੀ ਉਚਿਤ ਸਮਝੇ।

**ਰਾਜ ਜੈਵਿਕ ਵਿਭਿੰਨਤਾ ਫੰਡ ਦਾ ਸੰਵਿਧਾਨ**

**32.** (1) ਰਾਜ ਜੈਵਿਕ ਵਿਭਿੰਨਤਾ ਫੰਡ ਨਾਂ ਦਾ ਇਕ ਫੰਡ ਸਥਾਪਤ ਕੀਤਾ ਜਾਵੇਗਾ ਅਤੇ ਇਸ ਵਿਚ ਨਿਮਨ ਜਮਾਂ ਹੋਣਗੇ:-

(ੳ) ਖੰਡ (31) ਅਧੀਨ ਰਾਜ ਜੈਵਿਕ ਵਿਭਿੰਨਤਾ ਬੋਰਡ ਨੂੰ ਦਿੱਤੀਆਂ ਕੋਈ ਗ੍ਰਾਂਟਾ ਜਾਂ ਕਰਜ਼ੇ ਆਦਿ ;

(ਅ) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਵੱਲੋਂ ਦਿੱਤੀਆ ਗ੍ਰਾਂਟਾਂ ਅਤੇ ਕਰਜ਼ੇ ਆਦਿ ;

(ੲ) ਅਜਿਹੇ ਹੋਰ ਸ੍ਰੋਤਾਂ ਤੋਂ ਰਾਜ ਜੈਵਿਕ ਵਿਭਿੰਨਤਾ ਬੋਰਡ ਦੁਆਰਾ ਪ੍ਰਾਪਤ ਸਾਰੀਆਂ ਰਕਮਾਂ ਜਿਹੜੀਆਂ ਕਿ ਰਾਜ ਸਰਕਾਰ ਵਲੋਂ ਨਿਸ਼ਚਿਤ ਕੀਤੀਆਂ ਗਈਆਂ ਹੋਣ ।

(2) ਰਾਜ ਜੈਵਿਕ ਵਿਭਿੰਨਤਾ ਫੰਡ ਦੀ ਨਿਮਨ ਦਰਸਾਏ ਮੰਤਵਾਂ ਲਈ ਵਰਤੋਂ ਕੀਤੀ ਜਾਵੇਗੀ :

(ੳ) ਵਿਰਾਸਤੀ ਸਥਾਨਾਂ ਦਾ ਪ੍ਰਬੰਧ ਅਤੇ ਸੰਭਾਲ;

(ਅ) ਖੰਡ (37) ਦੇ ਉਪਖੰਡ 1 ਅਧੀਨ ਅਧਿਸੂਚਨਾ ਦੁਆਰਾ ਆਰਥਕ ਤੌਰ ਤੇ ਪ੍ਰਭਾਵਿਤ ਲੋਕਾਂ ਦੇ ਕਿਸੇ ਵਰਗ ਦੀ ਘਾਟਾ ਪੂਰਤੀ ਜਾਂ ਪੁਨਰ ਬਹਾਲ ਕਰਨਾ;

(ੲ) ਜੈਵਿਕ ਸ੍ਰੋਤਾਂ ਦੀ ਸੰਭਾਲ ਅਤੇ ਪ੍ਰਗਤੀ;

(ਸ) ਅਜਿਹੇ ਖੇਤਰਾਂ ਦਾ ਸਮਾਜਿਕ ਤੇ ਆਰਥਿਕ ਵਿਕਾਸ ਜਿਥੋਂ ਅਜਿਹੇ ਜੈਵਿਕ ਸ੍ਰੋਤ ਜਾਂ ਸੰਬੰਧਿਤ ਜਾਣਕਾਰੀ ਪ੍ਰਾਪਤ ਕੀਤੀ ਗਈ ਹੈ ਬਸ਼ਰਤੇ ਖੰਡ 24 ਅਧੀਨ ਸੰਬੰਧਿਤ ਸਥਾਨਕ ਸੰਸਥਾਵਾਂ ਨਾਲ ਸਲਾਹ ਮਸ਼ਵਰੇ ਦੁਆਰਾ ਹੁਕਮ ਦਿੱਤਾ ਗਿਆ ਹੈ;

(ਹ) ਕਾਨੂੰਨ ਦੁਆਰਾ ਅਧਿਕ੍ਰਿਤ ਉਦੇਸ਼ਾਂ ਲਈ ਆਏ ਖ਼ਰਚੇ ਦੀ ਪੂਰਤੀ।

**33.** ਰਾਜ ਜੈਵਿਕ ਵਿਭਿੰਨਤਾ ਬੋਰਡ ਅਜਿਹੇ ਰੂਪ ਵਿਚ, ਅਜਿਹੇ ਸਮੇ ਤੇ ਹਰੇਕ ਵਿੱਤੀ ਸਾਲ ਦੌਰਾਨ ਆਪਣੀ ਸਾਲਾਨਾ ਰਿਪੋਟ ਤਿਆਰ ਕਰੇਗਾ ਜਿਵੇਂ ਕਿ ਸਾਲਾਨਾ ਰਿਪੋਟ ਸੰਬੰਧੀ ਨਿਰਧਾਰਤ ਕੀਤਾ ਗਿਆ ਹੋਵੇ ਅਤੇ ਉਹ ਇਸ ਵਿਚ ਪਿਛਲੇ ਵਿੱਤੀ ਸਾਲ ਦੀਆਂ ਗਤੀਵਿਧੀਆਂ ਦਾ ਮੁਕੰਮਲ ਵੇਰਵਾ ਦੇਵੇਗਾ ਅਤੇ ਇਸ ਦੀ ਇਕ ਕਾਪੀ ਰਾਜ ਸਰਕਾਰ ਨੂੰ ਪੇਸ਼ ਕਰੇਗਾ ।

**ਰਾਜ ਜੈਵਿਕ ਵਿਭਿੰਨਤਾ ਬੋਰਡ ਦੀ ਸਾਲਾਨਾ ਰਿਪੋਟ**

**34.** ਰਾਜ ਜੈਵਿਕ ਵਿਭਿੰਨਤਾ ਬੋਰਡ ਦੇ ਖ਼ਾਤਿਆਂ ਅਤੇ ਲੇਖਾ ਜਾਂਚ ਦੀ ਸੰਭਾਲ ਅਤੇ ਜਾਂਚ ਅਜਿਹੇ ਢੰਗ ਨਾਲ ਕੀਤੀ ਜਾਵੇਗੀ ਜੋ ਕਿ ਰਾਜ ਦੇ ਲੇਖਾਕਾਰ ਜਨਰਲ ਦੀ ਸਲਾਹ ਨਾਲ ਨਿਰਧਾਰਿਤ ਕੀਤਾ ਗਿਆ ਹੋਵੇ ਅਤੇ ਰਾਜ ਜੈਵਿਕ ਵਿਭਿੰਨਤਾ ਬੋਰਡ ਰਾਜ ਸਰਕਾਰ ਨੂੰ ਅਜਿਹੀ ਮਿਤੀ ਤੋਂ ਪਹਿਲਾਂ ਖ਼ਾਤਿਆਂ ਦੀ ਲੇਖਾ ਜਾਂਚ ਕੀਤੀ ਕਾਪੀ ਲੇਖਾਕਾਰ ਦੀ ਰਿਪੋਟ ਸਹਿਤ ਭੇਜੇਗਾ ।

**ਰਾਜ ਜੈਵਿਕ ਵਿਭਿੰਨਤਾ ਬੋਰਡ ਦੇ ਖ਼ਾਤਿਆਂ ਦੀ ਲੇਖਾ ਜਾਂਚ**

**35.** ਰਾਜ ਸਰਕਾਰ ਸਾਲਾਨਾ ਰਿਪੋਟ ਅਤੇ ਲੇਖਾਕਾਰ ਦੀ ਰਿਪੋਟ ਦੇ ਪ੍ਰਾਪਤ ਹੋਣ ਤੋਂ ਬਾਅਦ ਜਿੰਨੀ ਜਲਦੀ ਸੰਭਵ ਹੋ ਸਕੇ ਇਸ ਨੂੰ ਵਿਧਾਨਪਾਲਿਕਾ ਦੇ ਸਦਨ ਅਗੇ ਪੇਸ਼ ਕਰੇਗੀ ।

**ਰਾਜ ਜੈਵਿਕ ਵਿਭਿੰਨਤਾ ਬੋਰਡ ਦੀ ਸਾਲਾਨਾ ਰਿਪੋਟ ਵਿਧਾਨਪਾਲਿਕਾ ਅੱਗੇ ਪੇਸ਼ ਕਰਨਾ**

### ਅਧਿਆਇ–9

## ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੇ ਕਰਤੱਵ

**36.** (1) ਕੇਂਦਰੀ ਸਰਕਾਰ, ਜੈਵਿਕ ਵਿਭਿੰਨਤਾ ਦੀ ਸੰਭਾਲ ਅਤੇ ਨਿਰੰਤਰ ਵਰਤੋਂ ਲਈ ਕੌਮੀ ਨੀਤੀਆਂ, ਯੋਜਨਾਵਾਂ ਅਤੇ ਪ੍ਰੋਗ੍ਰਾਮ ਵਿਕਿਸਤ ਕਰੇਗੀ ਅਤੇ ਜੈਵਿਕ ਸ੍ਰੋਤਾਂ ਦੀ ਸਮਰਿਧੀ ਵਾਲੇ ਖੇਤਰਾਂ ਦੀ ਪਛਾਣ ਅਤੇ ਨਿਰੀਖਣ, ਆਪਣੀ ਥਾਂ ਤੇ ਜਾਂ ਹੋਰਨਾ ਥਾਵਾਂ ਵਾਲੇ ਸ੍ਰੋਤਾਂ ਦੀ ਸੰਭਾਲ ਨੂੰ ਵਧਾਵਾ ਦੇਵੇਗੀ, ਖੋਜਾਂ ਲਈ ਪ੍ਰੋਤਸਾਹਣ ਅਤੇ ਸਿਖਲਾਈ ਅਤੇ ਜਨਤਕ ਸਿੱਖਿਆ ਦੁਆਰਾ ਜੈਵਿਕ ਵਿਭਿੰਨਤਾ ਪ੍ਰਤੀ ਜਾਗਰੂਕਤਾ ਪੈਦਾ ਕਰੇਗੀ।

**ਜੈਵਿਕ ਵਿਭਿੰਨਤਾ ਦੀ ਸੰਭਾਲ ਲਈ ਕੇਂਦਰ ਸਰਕਾਰ ਵੱਲੋਂ ਕੌਮੀ ਨੀਤੀਆਂ, ਯੋਜਨਾਵਾਂ ਆਦਿ ਵਿਕਿਸਤ ਕਰਨਾ**

(2) ਜਿਥੇ ਕੇਂਦਰ ਸਰਕਾਰ ਕੋਲ ਇਹ ਵਿਸ਼ਵਾਸ ਕਰਨ ਲਈ ਕਾਰਨ ਹੋਵੇ ਕਿ ਜੈਵਿਕ ਵਿਭਿੰਨਤਾ ਸ੍ਰੋਤਾਂ ਪੱਖੋਂ ਸਮਰਿਧ ਕੋਈ ਖੇਤਰ ਅਤੇ ਨਿਵਾਸ ਵਧੇਰੇ ਵਰਤੋਂ ਜਾਂ ਅਣਗਹਿਲੀ ਕਾਰਨ ਖਤਰੇ ਵਿਚ ਹਨ ਤਾਂ ਇਸ ਸੰਬੰਧਿਤ ਰਾਜ ਸਰਕਾਰ ਨੂੰ ਉਚਿਤ ਉਪਾਅ ਕਰਨ

ਲਈ ਨਿਰਦੇਸ਼ ਦੇਵੇਗੀ ਅਤੇ ਅਜਿਹੀ ਸਰਕਾਰ ਨੂੰ ਤਕਨੀਕੀ ਜਾਂ ਹੋਰ ਸਹਾਇਤਾ ਦੀ ਪੇਸ਼ਕਸ਼ ਕਰੇਗੀ ਜੋ ਕਿ ਮੁਹੱਈਆ ਕਰਵਾਈ ਜਾਣੀ ਸੰਭਵ ਜਾਂ ਲੋੜੀਂਦੀ ਹੋਵੇ।

(3) ਕੇਂਦਰ ਸਰਕਾਰ ਜਿਥੋਂ ਤੱਕ ਵਿਵਹਾਰਕ ਤੌਰ ਤੇ ਸੰਭਵ ਹੋਵੇ, ਜਿਥੇ ਕਿਤੇ ਇਹ ਉਚਿਤ ਸਮਝੇ, ਉਥੇ ਉਹ ਸੰਬੰਧਿਤ ਖੇਤਰੀ ਜਾਂ ਅੰਤਰ ਖੇਤਰੀ ਯੋਜਨਾਵਾਂ, ਪ੍ਰੋਗਰਾਮਾਂ ਅਤੇ ਨੀਤੀਆਂ ਨੂੰ ਜੈਵਿਕ ਵਿਭਿੰਨਤਾ ਦੀ ਪ੍ਰਗਤੀ ਅਤੇ ਸੰਭਾਲ ਲਈ ਆਪਸ ਵਿਚ ਮਿਲਾਵੇਗੀ ।

(4) ਕੇਂਦਰੀ ਸਰਕਾਰ ਇਹ ਉਪਰਾਲੇ ਕਰੇਗੀ:--

(i) ਜਿਥੇ ਕਿਤੇ ਜ਼ਰੂਰੀ ਹੋਵੇ ਪ੍ਰਾਜੈਕਟ ਦੇ ਵਾਤਾਵਰਣ ਪ੍ਰਭਾਵ ਮੁਲਾਂਕਣ, ਜਿਸ ਦੇ ਕਿ ਜੈਵਿਕ ਵਿਭਿੰਨਤਾ ਉਪਰ ਉਲਟ ਪ੍ਰਭਾਵ ਪੈਣ ਦੀ ਸੰਭਾਵਨਾ ਹੋਵੇ ਤਾਂ ਉਹ ਅਜਿਹੇ ਪ੍ਰਭਾਵਾਂ ਤੋਂ ਗੁਰੇਜ਼ ਕਰਨ ਜਾਂ ਉਨ੍ਹਾਂ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਯਤਨ ਕਰੇਗੀ ਅਤੇ ਜਿਥੇ ਉਚਿਤ ਹੋਇਆ ਉਥੇ ਅਜਿਹੀ ਮੁਲਾਂਕਣ ਵਿਚ ਜਨਤਕ ਸ਼ਮੂਲੀਅਤ ਨੂੰ ਵੀ ਪ੍ਰੋਤਸਾਹਿਤ ਕਰੇਗੀ ।

(ii) ਜੈਵਿਕ ਤਕਨਾਲੋਜੀ ਦੇ ਨਤੀਜੇ ਵਜੋਂ ਸ਼ਾਮਲ ਜੀਵ ਜੰਤੂਆਂ ਨਾਲ ਸੰਬੰਧਿਤ ਖ਼ਤਰਿਆਂ ਨੂੰ ਨਿਸ਼ਚਿਤ ਅਤੇ ਪ੍ਰਬੰਧ ਜਾਂ ਰੋਕਥਾਮ ਅਧੀਨ ਲਿਆਉਣਾ ਜੋ ਕੋਈ ਜੈਵਿਕ ਵਿਭਿੰਨਤਾ ਦੀ ਸੰਭਾਲ ਅਤੇ ਨਿਰੰਤਰ ਵਰਤੋਂ ਅਤੇ ਮਨੁੱਖੀ ਸਿਹਤ ਤੇ ਬੁਰਾ ਪ੍ਰਭਾਵ ਪਾ ਸਕਦੇ ਹਨ ।

(5) ਕੇਂਦਰੀ ਸਰਕਾਰ ਅਜਿਹੇ ਉਪਾਵਾਂ ਦੁਆਰਾ ਜਿਹੜੇ ਕਿ ਕੌਮੀ ਜੀਵ ਵਿਭਿੰਨਤਾ ਅਥਾਰਟੀ ਦੁਆਰਾ ਸਿਫਾਰਸ਼ ਕੀਤੇ ਗਏ ਹੋਣ ਦੀ ਵਰਤੋਂ ਦੁਆਰਾ ਜੈਵਿਕ ਵਿਭਿੰਨਤਾ ਨਾਲ ਸੰਬੰਧਿਤ ਲੋਕਾਂ ਅਤੇ ਉਨ੍ਹਾਂ ਦੇ ਗਿਆਨ ਦੀ ਸੁਰੱਖਿਆ ਦਾ ਸਤਿਕਾਰ ਕਰੇਗੀ, ਜਿੰਨ੍ਹਾਂ ਵਿਚ ਸਥਾਨਕ ਰਾਜ ਜਾਂ ਕੌਮੀ ਪੱਧਰਾਂ ਤੇ ਅਜਿਹੇ ਗਿਆਨ ਦੀ ਰਜਿਸਟ੍ਰੇਸ਼ਨ ਕਰਨੀ ਸ਼ਾਮਲ ਹੋਵੇ ਅਤੇ ਵਿਲੱਖਣ ਪ੍ਰਣਾਲੀ ਸਮੇਤ ਸੁਰੱਖਿਆ ਲਈ ਹੋਰ ਉਪਾਅ ਕਰੇਗੀ।

ਵਿਆਖਿਆ: ਇਸ ਖੰਡ ਦੇ ਉਦੇਸ਼ਾਂ ਲਈ

(ੳ) "*(ex situ)* ਆਪਣੀ ਥਾਂ ਤੋਂ ਬਾਹਰ ਸੰਭਾਲ" ਤੋਂ ਭਾਵ ਹੈ ਜੈਵਿਕ ਵਿਭਿੰਨਤਾ ਦੀ ਉਨ੍ਹਾਂ ਦੀ ਕੁਦਰਤੀ ਸਥਾਨ ਤੋਂ ਬਾਹਰ ਸੰਭਾਲ;

(ਅ) ਆਪਣੀ ਅਸਲੀ ਥਾਂ ਤੇ *(in situ)* ਸੰਭਾਲ ਤੋਂ ਭਾਵ ਹੈ ਪਰਿਆਵਰਣਕ ਪ੍ਰਣਾਲੀ ਅਤੇ ਕੁਦਰਤੀ ਸਥਾਨਾਂ ਦੀ ਸੰਭਾਲ ਅਤੇ ਕਿਸੇ ਖ਼ਾਸ ਜਲਵਾਯੂ ਵਿਚ ਰਹਿਣਯੋਗ ਜਾਂ ਪਾਲਣਯੋਗ ਜੀਵ ਜੰਤੂਆਂ ਦੀ ਉਨ੍ਹਾਂ ਦੇ ਕੁਦਰਤੀ ਚੌਗਿਰਦੇ ਵਿਚ ਦੇਖਭਾਲ ਅਤੇ ਪੁਨਰ ਪ੍ਰਾਪਤੀ ਅਤੇ ਪਾਲਤੂ ਜਾਂ ਕਾਸ਼ਤਕਾਰੀ ਵਾਲੀਆਂ ਜਾਤੀਆਂ ਦੇ ਕੇਸ ਵਿਚ ਆਲੇ ਦੁਆਲੇ ਜਿਥੇ ਉਨ੍ਹਾਂ ਨੇ ਆਪਣੀਆਂ ਵਿਲੱਖਣ ਵੰਨਗੀਆਂ ਵਿਕਸਿਤ ਕੀਤੀਆਂ ਹੋਣ।

**ਜੈਵਿਕ ਵਿਭਿੰਨਤਾ ਵਿਰਾਸਤੀ ਸਥਲ**

**37.** (1) ਕੁਝ ਸਮੇਂ ਲਈ ਲਾਗੂ ਕਿਸੇ ਕਾਨੂੰਨ ਦੇ ਬਿਨਾਂ ਪੱਖਪਾਤ ਤੋਂ ਰਾਜ ਸਰਕਾਰ ਸਮੇਂ ਸਮੇਂ ਤੇ ਸਥਾਨਕ ਸੰਸਥਾਵਾਂ ਨਾਲ ਸਲਾਹ ਮਸ਼ਵਰੇ ਦੁਆਰਾ ਸਰਕਾਰੀ ਗਜਟ ਵਿਚ ਜੈਵਿਕ ਵਿਭਿੰਨਤਾ ਵਾਲੇ ਖੇਤਰਾਂ ਨੂੰ ਇਸ ਕਾਨੂੰਨ ਅਧੀਨ ਜੈਵਿਕ ਵਿਭਿੰਨਤਾ ਵਿਰਾਸਤ ਸਥਲ ਵਜੋਂ ਅਧਿਸੂਚਿਤ ਕਰ ਸਕਦੀ ਹੈ।

(2) ਰਾਜ ਸਰਕਾਰ ਕੇਂਦਰ ਸਰਕਾਰ ਨਾਲ ਸਲਾਹ ਮਸ਼ਵਰੇ ਦੁਆਰਾ ਸਾਰੇ ਵਿਰਾਸਤੀ ਸਥਲਾਂ ਦੀ ਸੰਭਾਲ ਅਤੇ ਪ੍ਰਬੰਧ ਸੰਬੰਧੀ ਨਿਯਮ ਬਣਾ ਸਕਦੀ ਹੈ।

(3) ਰਾਜ ਸਰਕਾਰ ਅਜਿਹੀ ਅਧਿਸੂਚਨਾ ਦੁਆਰਾ ਆਰਥਿਕ ਤੌਰ ਤੇ ਪ੍ਰਭਾਵਿਤ ਲੋਕਾਂ ਦੇ ਕਿਸੇ ਭਾਗ ਜਾਂ ਕਿਸੇ ਨਿਜੀ ਵਿਅਕਤੀ ਦੇ ਨੁਕਸਾਨ ਪੂਰਤੀ ਜਾਂ ਪੁਨਰ ਬਹਾਲੀ ਲਈ ਸਕੀਮਾਂ ਬਣਾਏਗੀ।

**ਖ਼ਤਮ ਹੋ ਰਹੀਆਂ ਪ੍ਰਜਾਤੀਆਂ ਸੰਬੰਧੀ ਅਧਿਸੂਚਨਾ ਕਰਨ ਲਈ ਕੇਂਦਰ ਸਰਕਾਰ ਦੀਆਂ ਸ਼ਕਤੀਆਂ**

**38.** ਨਿਰਧਾਰਿਤ ਸਮੇਂ ਲਈ ਲਾਗੂ ਕਿਸੇ ਕਾਨੂੰਨ ਦੇ ਉਪਬੰਧਾਂ ਦੇ ਬਿਨਾਂ ਪੱਖਪਾਤ ਤੋਂ ਕੇਂਦਰ ਸਰਕਾਰ ਸੰਬੰਧਿਤ ਰਾਜ ਸਰਕਾਰ ਨਾਲ ਸਲਾਹ ਮਸ਼ਵਰੇ ਦੁਆਰਾ ਸਮੇਂ ਸਮੇਂ ਤੇ ਕਿਸੇ ਵੀ ਪ੍ਰਜਾਤੀ ਸੰਬੰਧੀ ਅਧਿਸੂਚਨਾ ਜਾਰੀ ਕਰ ਸਕਦੀ ਹੈ ਜੋ ਕਿ ਸਮਾਪਤੀ ਦੇ ਨੇੜੇ ਹੋਵੇ ਜਾਂ ਨਿਕਟ ਭਵਿੱਖ ਵਿਚ ਉਸ ਦੇ ਖ਼ਤਮ ਹੋ ਜਾਣ ਦੀ ਸੰਭਾਵਨਾ ਹੋਵੇ

ਅਤੇ ਉਹ ਇਸ ਉਦੇਸ਼ ਲਈ ਉਨ੍ਹਾਂ ਦੇ ਸੰਗ੍ਰਹਿਣ ਨੂੰ ਰੋਕਣਾ ਜਾਂ ਨਿਰਧਾਰਤ ਕਰਨਾ ਜ਼ਰੂਰੀ ਕਰ ਸਕਦੀ ਹੈ ਅਤੇ ਇਨ੍ਹਾਂ ਪ੍ਰਜਾਤੀਆਂ ਦੇ ਪੁਨਰ ਬਹਾਲੀ ਜਾਂ ਸੰਭਾਲ ਲਈ ਉਚਿਤ ਕਦਮ ਚੁੱਕ ਸਕਦੀ ਹੈ।

**ਕੇਂਦਰੀ ਸਰਕਾਰ ਦੀਆਂ ਭੰਡਾਰ ਨਿਸ਼ਚਿਤ ਕਰਨ ਦੀਆਂ ਸ਼ਕਤੀਆਂ**

**39.** (1) ਕੇਂਦਰ ਸਰਕਾਰ, ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਨਾਲ ਸਲਾਹ ਮਸ਼ਵਰੇ ਦੁਆਰਾ ਜੈਵਿਕ ਸ੍ਰੋਤਾਂ ਦੀਆਂ ਵੱਖ ਵੱਖ ਸ਼੍ਰੇਣੀਆਂ ਲਈ ਇਸ ਕਾਨੂੰਨ ਅਧੀਨ ਸੰਸਥਾਵਾਂ ਨੂੰ ਜੈਵਿਕ ਸ੍ਰੋਤਾਂ ਦਾ ਭੰਡਾਰ ਨਿਸਚਿਤ ਕਰ ਸਕਦੀ ਹੈ ।

(2) ਅਜਿਹੇ ਭੰਡਾਰ ਉਨ੍ਹਾਂ ਕੋਲ ਜਮਾਂ ਕਰਵਾਈਆਂ ਪ੍ਰਜਾਤੀਆਂ ਅਤੇ ਜੈਵਿਕ ਸਮੱਗਰੀ ਦੀ ਸੁਰੱਖਿਅਤ ਦੇਖਭਾਲ ਕਰਣਗੇ।

(3) ਕਿਸੇ ਵਿਅਕਤੀ ਦੁਆਰਾ ਖੋਜਿਆ ਕੋਈ ਨਵਾਂ ਵਰਗਕ (Taxon) ਭੰਡਾਰ ਜਾਂ ਇਸ ਉਦੇਸ਼ ਲਈ ਬਣਾਈ ਕਿਸੇ ਸੰਸਥਾ ਨੂੰ ਅਧਿਸੂਚਿਤ ਕੀਤਾ ਜਾਵੇਗਾ ਅਤੇ ਉਹ ਅਜਿਹੀਆਂ ਪ੍ਰਜਾਤੀਆਂ ਨੂੰ ਅਜਿਹੇ ਭੰਡਾਰ ਜਾਂ ਸੰਸਥਾ ਵਿਚ ਜਮ੍ਹਾਂ ਕਰਵਾਏਗਾ।

**ਕੁਝ ਜੈਵਿਕ ਸ੍ਰੋਤਾਂ ਨੂੰ ਛੋਟ ਦੇਣ ਦੀਆਂ ਸ਼ਕਤੀਆਂ**

**40.** ਇਸ ਕਾਨੂੰਨ ਵਿਚ ਸ਼ਾਮਲ ਕਿਸੇ ਵੀ ਚੀਜ਼ ਤੋਂ ਇਲਾਵਾ ਕੇਂਦਰ ਸਰਕਾਰ, ਕੌਮੀ ਜੈਵਿਕ ਅਥਾਰਟੀ ਨਾਲ ਸਲਾਹ ਮਸ਼ਵਰੇ ਦੁਆਰਾ ਸਰਕਾਰੀ ਗਜ਼ਟ ਵਿਚ ਅਧਿਸੂਚਨਾ ਜਾਰੀ ਕਰਕੇ ਘੋਸ਼ਣਾ ਕਰ ਸਕਦੀ ਹੈ ਕਿ ਇਸ ਕਾਨੂੰਨ ਦੇ ਉਪਬੰਧ ਜੈਵਿਕ ਸ੍ਰੋਤਾਂ ਜਿਹੜੇ ਕਿ ਆਮ ਤੌਰ ਤੇ ਵਪਾਰਿਕ ਵਸਤਾਂ ਵਜੋਂ ਵਰਤੇ ਜਾਂਦੇ ਹਨ, ਉਪਰ ਲਾਗੂ ਨਹੀਂ ਹੋਣਗੇ।

ਅਧਿਆਇ–10

## ਜੈਵਿਕ ਵਿਭਿੰਨਤਾ ਪ੍ਰਬੰਧਨ ਕਮੇਟੀਆਂ

**ਜੈਵਿਕ ਵਿਭਿੰਨਤਾ ਪ੍ਰਬੰਧਨ ਕਮੇਟੀਆਂ ਦੀ ਸੰਵਿਧਾਨਿਕ ਸਥਾਪਨਾ**

**41.** (1) ਹਰੇਕ ਸਥਾਨਕ ਸੰਸਥਾ ਆਪਣੇ ਖੇਤਰ ਵਿਚ ਜੈਵਿਕ ਸ੍ਰੋਤਾਂ ਦੀ ਸੰਭਾਲ ਅਤੇ ਨਿਰੰਤਰ ਵਰਤੋਂ ਲਈ ਜੈਵਿਕ ਵਿਭਿੰਨਤਾ ਪ੍ਰਬੰਧਨ ਕਮੇਟੀ ਦੀ ਸਥਾਪਨਾ ਕਰੇਗੀ ਜਿਸ ਵਿਚ ਜੈਵਿਕ ਵਿਭਿੰਨਤਾ ਦਾ ਦਸਤਾਵੇਜ਼ੀਕਰਣ, ਨਿਵਾਸ ਸਥਲਾਂ ਦੀ ਸੰਭਾਲ, ਸਥਲੀ ਨਸਲਾਂ, ਜਨ ਕਿਸਮਾਂ ਤੇ ਪਾਦਪ ਕਿਸਮਾਂ,

ਪਾਲਤੂ ਜਾਨਵਰਾਂ, ਪਸ਼ੂਆਂ ਦੀਆ ਨਸਲਾਂ ਅਤੇ ਸੂਖ਼ਮ ਜੀਵਾਂ ਸੰਬੰਧੀ ਜੈਵਿਕ ਸ੍ਰੋਤਾਂ ਦੀ ਜਾਣਕਾਰੀ ਆਦਿ ਸ਼ਾਮਲ ਹੋਵੇਗੀ।

ਵਿਆਖਿਆ-ਇਸ ਉਪਖੰਡ ਦੇ ਉਦੇਸ਼ਾਂ ਲਈ

(ੳ) ਕਲਟੀਵਾਰ (cultivar) ਤੋਂ ਭਾਵ ਪੌਦੇ ਦੀ ਉਸ ਵੰਨਗੀ ਤੋਂ ਹੈ ਜੋ ਕਿ ਕਾਸ਼ਤਕਾਰੀ ਦੁਆਰਾ ਉਗਾਈ ਜਾਂ ਪੈਦਾ ਕੀਤੀ ਗਈ ਹੈ ਜਾਂ ਵਿਸ਼ੇਸ਼ ਰੂਪ ਵਿਚ ਕਾਸ਼ਤਕਾਰੀ ਲਈ ਸੁਧਾਰੀ ਗਈ ਹੋਵੇ।

(ਅ) ਫ਼ੋਕ ਵਰਾਇਟੀ (folk variety) ਤੋਂ ਭਾਵ ਪੋਦਿਆਂ ਦੀ ਕਾਸ਼ਤਕਾਰੀ ਵਾਲੀ ਉਸ ਵੰਨਗੀ ਤੋਂ ਹੈ ਜੋ ਕਿ ਅਪ੍ਰੱਤਖ ਰੂਪ ਵਿਚ ਕਿਸਾਨਾਂ ਵੱਲੋਂ ਵਿਕਸਤ ਕੀਤੀ, ਉਗਾਈ ਅਤੇ ਵੰਡੀ ਗਈ ਸੀ ।

(ੲ) ਲੈਂਡਰੇਸ (landrace) ਤੋਂ ਭਾਵ ਮੁਢਲੀ ਕਲਟੀਵਾਰ (cultivar) ਤੋਂ ਹੈ ਜਿਹੜੀ ਕਿ ਪੁਰਾਤਨ ਕਿਸਾਨਾਂ ਅਤੇ ਉਨ੍ਹਾਂ ਦੇ ਉਤਰਾਧਿਕਾਰੀਆਂ ਵਲੋਂ ਉਗਾਈ ਗਈ ਸੀ।

(2) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਅਤੇ ਰਾਜ ਜੈਵਿਕ ਵਿਭਿੰਨਤਾ ਬੋਰਡ, ਜੈਵਿਕ ਵਿਭਿੰਨਤਾ ਪ੍ਰਬੰਧਨ ਕਮੇਟੀਆਂ ਦੇ ਅਧਿਕਾਰ ਖੇਤਰ ਵਿਚਲੇ ਜੈਵਿਕ ਸ੍ਰੋਤਾਂ ਦੀ ਵਰਤੋਂ ਅਤੇ ਸੰਬੰਧਿਤ ਗਿਆਨ ਬਾਰੇ ਫ਼ੈਸਲਾ ਲੈਣ ਲੱਗਿਆਂ ਜੈਵਿਕ ਵਿਭਿੰਨਤਾ ਪ੍ਰਬੰਧਨ ਕਮੇਟੀ ਨਾਲ ਸਲਾਹ ਮਸ਼ਵਰਾ ਕਰਨਗੇ ।

(3) ਜੈਵਿਕ ਵਿਭਿੰਨਤਾ ਪ੍ਰਬੰਧਨ ਕਮੇਟੀ ਕਿਸੇ ਵਿਅਕਤੀ ਤੋਂ ਉਸਦੇ ਅਧਿਕਾਰ ਖੇਤਰ ਵਿਚ ਪੈਂਦੇ ਜੈਵਿਕ ਸ੍ਰੋਤਾਂ ਦੀ ਵਪਾਰਕ ਉਦੇਸ਼ਾਂ ਲਈ ਪ੍ਰਾਪਤੀ ਕਰਨ ਤੇ ਇਕੱਤਰਣ ਫੀਸ ਜਾਂ ਕੀਮਤ ਆਦਿ ਵਸੂਲ ਸਕਦੀ ਹੈ ।

ਅਧਿਆਇ–11

# ਸਥਾਨਕ ਜੈਵਿਕ ਵਿਭਿੰਨਤਾ ਫੰਡ

**ਸਥਾਨਕ ਜੈਵਿਕ ਵਿਭਿੰਨਤਾ ਲਈ ਗ੍ਰਾਂਟਾਂ**

**42.** ਰਾਜ ਸਰਕਾਰ, ਰਾਜ ਵਿਧਾਨਪਾਲਿਕਾ ਵੱਲੋਂ ਇਸ ਸੰਬੰਧ ਵਿਚ ਉਚਿਤ ਉਪਬੰਧ ਕਰਨ ਤੋਂ ਬਾਅਦ ਸਥਾਨਕ ਜੈਵਿਕ ਵਿਭਿੰਨਤਾ ਫੰਡ ਦੇ ਰੂਪ ਵਿਚ ਗ੍ਰਾਂਟਾਂ ਜਾਂ ਕਰਜ਼ੇ ਆਦਿ ਦੇ

ਸਕਦੀ ਹੈ ਜੋ ਕਿ ਰਾਜ ਸਰਕਾਰ ਇਸ ਕਾਨੂੰਨ ਦੇ ਉਦੇਸ਼ਾਂ ਅਧੀਨ ਵਰਤਨ ਲਈ ਉਚਿਤ ਸਮਝੇ।

**ਸਥਾਨਕ ਜੈਵਿਕ ਵਿਭਿੰਨਤਾ ਫੰਡ ਦਾ ਸੰਵਿਧਾਨ**

**43.** (1) ਰਾਜ ਸਰਕਾਰ ਅਧਿਸੂਚਿਤ ਕੀਤੇ ਹਰੇਕ ਖੇਤਰ ਵਿਚ ਸਥਾਨਕ ਜੈਵਿਕ ਵਿਭਿੰਨਤਾ ਫੰਡ ਦੀ ਸਥਾਪਨਾ ਕਰੇਗੀ ਜਿਥੇ ਸਵੈਸ਼ਾਸਨ ਵਾਲੀ ਕੋਈ ਸੰਸਥਾ ਕਾਰਜ ਕਰ ਰਹੀ ਹੈ ਅਤੇ ਇਹ ਇਹਨਾਂ ਉਦੇਸ਼ਾਂ ਲਈ ਜਮ੍ਹਾਂ ਕੀਤੇ ਜਾਣਗੇ ;-

(ੳ) ਖੰਡ 42 ਅਧੀਨ ਦਿੱਤੀਆਂ ਕੋਈ ਵੀ ਗ੍ਰਾਂਟਾਂ ਜਾ ਕਰਜ਼ੇ ਆਦਿ;

(ਅ) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਵੱਲੋਂ ਦਿੱਤੀਆਂ ਗ੍ਰਾਂਟਾਂ ਜਾ ਕਰਜ਼ੇ;

(ੲ) ਰਾਜ ਜੈਵਿਕ ਵਿਭਿੰਨਤਾ ਬੋਰਡਾਂ ਵੱਲੋਂ ਦਿੱਤੀਆਂ ਗ੍ਰਾਟਾਂ ਜਾਂ ਕਰਜ਼ੇ ਆਦਿ;

(ਸ) ਜੈਵਿਕ ਵਿਭਿੰਨਤਾ ਪ੍ਰਬੰਧਨ ਕਮੇਟੀਆਂ ਦੁਆਰਾ ਪ੍ਰਾਪਤ ਕੀਤੀਆਂ ਖੰਡ 41 ਦੇ ਉਪ ਖੰਡ 3 ਵਿਚ ਦਰਸਾਈਆਂ ਫ਼ੀਸਾਂ;

(ਹ) ਸਥਾਨਕ ਜੈਵਿਕ ਵਿਭਿੰਨਤਾ ਫੰਡ ਦੁਆਰਾ ਅਜਿਹੇ ਸ੍ਰੋਤਾਂ ਤੋਂ ਪ੍ਰਾਪਤ ਸਾਰੀਆਂ ਰਕਮਾਂ ਜਿਹੜੀਆਂ ਕਿ ਰਾਜ ਸਰਕਾਰ ਦੁਆਰਾ ਨਿਰਧਾਰਿਤ ਕੀਤੀਆ ਗਈਆਂ ਹਨ ।

**ਸਥਾਨਕ ਜੈਵਿਕ ਵਿਭਿੰਨਤਾ ਫੰਡ ਦੀ ਵਰਤੋਂ**

**44.** (1) ਉਪ ਖੰਡ 2 ਦੇ ਉਪਬੰਧਾਂ ਮੁਤਾਬਿਕ ਸਥਾਨਕ ਜੈਵਿਕ ਵਿਭਿੰਨਤਾ ਫੰਡ ਦਾ ਪ੍ਰਬੰਧ ਅਤੇ ਸੰਭਾਲ ਅਤੇ ਉਦੇਸ਼ ਜਿਨ੍ਹਾਂ ਲਈ ਅਜਿਹੇ ਫੰਡ ਵਰਤੇ ਜਾਣਗੇ, ਨੂੰ ਰਾਜ ਸਰਕਾਰ ਦੁਆਰਾ ਨਿਰਧਾਰਿਤ ਤਰੀਕਿਆਂ ਅਨੁਸਾਰ ਵਰਤਿਆ ਜਾਵੇਗਾ ।

(2) ਫੰਡ ਦੀ ਵਰਤੋਂ ਸੰਬੰਧਿਤ ਸਥਾਨਕ ਸੰਸਥਾ ਦੇ ਅਧਿਕਾਰ ਖੇਤਰ ਵਿਚ ਆਉਂਦੇ ਖੇਤਰਾਂ ਵਿਚ ਜੈਵਿਕ ਵਿਭਿੰਨਤਾ ਦੀ ਸੰਭਾਲ ਅਤੇ ਪ੍ਰਗਤੀ ਲਈ ਅਤੇ ਬਰਾਦਰੀ ਦੇ ਫ਼ਾਇਦੇ ਲਈ ਕੀਤੀ ਜਾਵੇਗੀ ਤਾਂ ਜੋ ਅਜਿਹੀ ਵਰਤੋਂ ਜੈਵਿਕ ਵਿਭਿੰਨਤਾ ਦੀ ਸੰਭਾਲ ਲਈ ਅਨੁਕੂਲ ਹੋਵੇ।

**ਜੈਵਿਕ ਵਿਭਿੰਨਤਾ ਪ੍ਰਬੰਧਨ ਕਮੇਟੀਆਂ ਦੀ ਸਾਲਾਨਾ ਰਿਪੋਟ**

**45.** ਸਥਾਨਕ ਜੈਵਿਕ ਵਿਭਿੰਨਤਾ ਫੰਡ ਦੀ ਸੰਭਾਲ ਕਰਨ ਵਾਲਾ ਵਿਅਕਤੀ ਹਰੇਕ ਵਿੱਤੀ ਸਾਲ ਦੌਰਾਨ ਅਜਿਹੇ ਸਮੇਂ ਤੇ ਜੋ ਕਿ ਇਸ ਦੀ ਸਾਲਾਨਾ ਰਿਪੋਟ ਲਈ ਨਿਰਧਾਰਿਤ ਕੀਤਾ ਗਿਆ ਹੋਵੇ, ਰਿਪੋਟ ਤਿਆਰ ਕਰੇਗਾ ਜਿਸ ਵਿਚ ਪਿਛਲੇ ਵਿੱਤੀ ਸਾਲ ਦੀਆਂ ਗਤੀਵਿਧੀਆਂ ਦਾ ਪੂਰਾ ਵੇਰਵਾ ਦਿੱਤਾ ਹੋਵੇਗਾ ਅਤੇ ਇਸ ਦੀ ਇਕ ਕਾਪੀ ਸੰਬੰਧਿਤ ਸੰਸਥਾ ਨੂੰ ਪੇਸ਼ ਕਰੇਗਾ।

**ਜੈਵਿਕ ਵਿਭਿੰਨਤਾ ਪ੍ਰਬੰਧ ਕਮੇਟੀਆਂ ਦੇ ਖਾਤਿਆਂ ਦੀ ਲੇਖਾ ਜਾਂਚ**

**46.** ਸਥਾਨਕ ਜੈਵਿਕ ਵਿਭਿੰਨਤਾ ਫੰਡ ਦੇ ਖ਼ਾਤੇ ਅਜਿਹੇ ਢੰਗ ਨਾਲ ਸੰਭਾਲੇ ਅਤੇ ਲੇਖਾ ਜਾਂਚ ਕੀਤੇ ਜਾਣਗੇ ਜਿਵੇਂ ਕਿ ਰਾਜ ਦੇ ਲੇਖਾਕਾਰ ਜਨਰਲ ਨਾਲ ਸਲਾਹ ਮਸ਼ਵਰੇ ਦੁਆਰਾ ਨਿਰਧਾਰਿਤ ਕੀਤਾ ਗਿਆ ਹੋਵੇ ਅਤੇ ਸਥਾਨਕ ਜੈਵਿਕ ਵਿਭਿੰਨਤਾ ਫੰਡ ਦੀ ਸੰਭਾਲ ਕਰਨ ਵਾਲਾ ਵਿਅਕਤੀ ਨਿਰਧਾਰਿਤ ਮਿਤੀ ਤੋਂ ਪਹਿਲਾਂ ਖ਼ਾਤਿਆਂ ਦੀ ਲੇਖਾ ਜਾਂਚ ਕੀਤੀ ਕਾਪੀ, ਲੇਖਾਕਾਰ ਦੀ ਰਿਪੋਟ ਸਮੇਤ, ਸਥਾਨਕ ਸੰਸਥਾਂ ਨੂੰ ਪੇਸ਼ ਕਰੇਗਾ ।

**ਜੈਵਿਕ ਵਿਭਿੰਨਤਾ ਪ੍ਰਬੰਧਨ ਕਮੇਟੀਆਂ ਦੀ ਸਲਾਨਾ ਰਿਪੋਟ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਪੇਸ਼ ਕਰਨਾ**

**47.** ਖੰਡ 41 ਦੇ ਉਪਖੰਡ (1) ਅਧੀਨ ਜੈਵਿਕ ਵਿਭਿੰਨਤਾ ਪ੍ਰਬੰਧਨ ਕਮੇਟੀਆਂ ਸਥਾਪਤ ਕਰਨ ਵਾਲੀ ਹਰੇਕ ਸਥਾਨਕ ਕਮੇਟੀ, ਖੰਡ 45 ਅਤੇ 46 ਵਿਚ ਦਰਸਾਏ ਅਨੁਸਾਰ ਖ਼ਾਤਿਆਂ ਦੀ ਜਾਂਚ ਦੀ ਕਾਪੀ ਅਤੇ ਲੇਖਾ ਜਾਂਚ ਰਿਪੋਟ ਉਸ ਸਥਾਨਕ ਸੰਸਥਾ ਦੇ ਅਧਿਕਾਰ ਖੇਤਰ ਵਿਚਲੇ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਪੇਸ਼ ਕਰੇਗੀ ।

## ਅਧਿਆਇ–12

# ਫੁਟਕਲ

**ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਕੇਂਦਰੀ ਸਰਕਾਰ ਵਜੋਂ ਜਾਰੀ ਕੀਤੇ ਨਿਰਦੇਸ਼ਾ ਦੀ ਪਾਬੰਦ ਹੋਵੇਗੀ**

**48.** (1) ਇਸ ਕਾਨੂੰਨ ਦੇ ਪਿਛਲੇ ਉਪਬੰਧਾਂ ਦੇ ਬਿਨਾਂ ਪੱਖਪਾਤ ਤੋਂ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਇਸ ਕਾਨੂੰਨ ਅਧੀਨ ਆਪਣੇ ਕਾਰਜਾਂ ਅਤੇ ਫ਼ਰਜ਼ਾਂ ਨੂੰ ਨਿਭਾਉਣ ਵਿਚ ਨੀਤੀ ਨਾਲ ਸੰਬੰਧਿਤ ਹਦਾਇਤਾਂ ਜਿਹੜੀਆਂ ਕਿ ਕੇਂਦਰੀ ਸਰਕਾਰ ਸਮੇਂ ਸਮੇਂ ਤੇ ਲਿਖਤੀ ਰੂਪ ਵਿਚ ਇਸ ਨੂੰ ਦੇ ਸਕਦੀ ਹੈ, ਨੂੰ ਮੰਨਣ ਦੇ ਪਾਬੰਦ ਹੋਵੇਗੀ।

ਪਰ ਸ਼ਰਤ ਇਹ ਹੈ ਕਿ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਜਿਥੋਂ ਤਕ ਸੰਭਵ ਹੋ ਸਕੇ, ਨੂੰ ਇਸ ਉਪਖੰਡ ਅਧੀਨ ਦਿੱਤੇ ਜਾਣ ਵਾਲੇ ਕਿਸੇ ਨਿਰਦੇਸ਼ ਤੋਂ ਪਹਿਲਾਂ ਇਸ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਦਿੱਤਾ ਜਾਵੇਗਾ ।

(2) ਭਾਵੇਂ ਕੋਈ ਨੀਤੀ ਨਾਲ ਸੰਬੰਧਿਤ ਮਾਮਲਾ ਹੋਵੇ ਜਾਂ ਨਾਂ, ਕੇਂਦਰ ਸਰਕਾਰ ਦਾ ਫ਼ੈਸਲਾ ਅੰਤਿਮ ਹੋਵੇਗਾ।

**ਰਾਜ ਸਰਕਾਰ ਦੀਆਂ ਨਿਰਦੇਸ਼ ਦੇਣ ਦੀਆਂ ਸ਼ਕਤੀਆਂ**

**49.** (1) ਇਸ ਕਾਨੂੰਨ ਦੇ ਪਿਛਲੇ ਉਪਬੰਧਾਂ ਦੇ ਬਿਨਾਂ ਪੱਖਪਾਤ ਤੋਂ ਰਾਜ ਜੈਵਿਕ ਵਿਭਿੰਨਤਾ ਬੋਰਡ ਇਸ ਕਾਨੂੰਨ ਅਧੀਨ ਆਪਣੇ ਕਾਰਜਾਂ ਅਤੇ ਫ਼ਰਜਾਂ ਨੂੰ ਨਿਭਾਉਣ ਵਿਚ ਨੀਤੀ ਨਾਲ ਸੰਬੰਧਿਤ ਮਾਮਲੇ ਜਿਹੜੇ ਕਿ ਰਾਜ ਸਰਕਾਰ ਸਮੇਂ ਸਮੇਂ ਤੇ ਲਿਖਤੀ ਰੂਪ ਵਿਚ ਇਸ ਨੂੰ ਦੇ ਸਕਦੀ ਹੈ, ਨੂੰ ਮੰਨਣ ਦੇ ਪਾਬੰਦ ਹੋਵੇਗਾ ।

ਪਰ ਸ਼ਰਤ ਇਹ ਹੈ ਕਿ ਰਾਜ ਜੈਵਿਕ ਵਿਭਿੰਨਤਾ ਬੋਰਡ ਜਿਥੋਂ ਤੱਕ ਸੰਭਵ ਹੋ ਸਕੇ, ਨੂੰ ਇਸ ਉਪਖੰਡ ਅਧੀਨ ਦਿੱਤੇ ਜਾਣ ਵਾਲੇ ਕਿਸੇ ਨਿਰਦੇਸ਼ ਤੋਂ ਪਹਿਲਾਂ ਇਸ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਦਿੱਤਾ ਜਾਵੇਗਾ ।

(2) ਭਾਵੇਂ ਕੋਈ ਨੀਤੀ ਨਾਲ ਸੰਬੰਧਿਤ ਮਾਮਲਾ ਹੋਵੇ ਜਾਂ ਨਾਂ ਰਾਜ ਸਰਕਾਰ ਦਾ ਫੈਸਲਾ ਅੰਤਿਮ ਹੋਵੇਗਾ।

**ਰਾਜ ਜੈਵਿਕ ਵਿਭਿੰਨਤਾ ਬੋਰਡਾਂ ਦਰਮਿਆਨ ਝਗੜਿਆਂ ਦਾ ਨਿਪਟਾਰਾ**

**50.** (1) ਜੇਕਰ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਅਤੇ ਰਾਜ ਜੈਵਿਕ ਵਿਭਿੰਨਤਾ ਬੋਰਡ ਵਿਚ ਕੋਈ ਝਗੜਾ ਪੈਦਾ ਹੁੰਦਾ ਹੈ ਤਾਂ ਉਕਤ ਅਥਾਰਟੀ ਜਾਂ ਬੋਰਡ ਜਿਵੇਂ ਵੀ ਕੇਸ ਹੋਵੇ, ਕੇਂਦਰੀ ਸਰਕਾਰ ਨੂੰ ਨਿਰਧਾਰਿਤ ਦਿੱਤੇ ਸਮੇਂ ਦੇ ਅੰਦਰ ਅੰਦਰ ਅਪੀਲ ਕਰ ਸਕਦਾ ਹੈ ।

(2) ਉਪ ਖੰਡ (1) ਅਧੀਨ ਪੇਸ਼ ਕੀਤੀ ਹਰੇਕ ਅਪੀਲ ਅਜਿਹੇ ਰੂਪ ਵਿਚ ਹੋਵੇਗੀ ਜੋ ਕਿ ਕੇਂਦਰ ਸਰਕਾਰ ਦੁਆਰਾ ਨਿਰਧਾਰਿਤ ਕੀਤੀ ਗਈ ਹੋਵੇ ।

(3) ਕਿਸੇ ਅਪੀਲ ਦੇ ਨਿਪਟਾਰੇ ਦੀ ਵਿਧੀ ਅਜਿਹੀ ਹੋਵੇਗੀ ਜਿਵੇਂ ਕਿ ਕੇਂਦਰ ਸਰਕਾਰ ਦੁਆਰਾ ਨਿਰਧਾਰਿਤ ਕੀਤੀ ਗਈ ਹੋਵੇ

ਪਰ ਸ਼ਰਤ ਇਹ ਹੈ ਕਿ ਕਿਸੇ ਅਪੀਲ ਦੇ ਨਿਪਟਾਰੇ ਤੋਂ ਪਹਿਲਾਂ ਪਾਰਟੀਆਂ ਨੂੰ ਸੁਣਵਾਈ ਦਾ ਉਚਿਤ ਮੌਕਾ ਦਿੱਤਾ ਜਾਵੇਗਾ ।

(4) ਜੇਕਰ ਰਾਜ ਜੈਵਿਕ ਵਿਭਿੰਨਤਾ ਬੋਰਡਾਂ ਦਰਮਿਆਨ ਕਿਸੇ ਤਰ੍ਹਾਂ ਦਾ ਝਗੜਾ ਪੈਦਾ ਹੁੰਦਾ ਹੈ ਤਾਂ ਕੇਂਦਰ ਸਰਕਾਰ ਉਸ ਨੂੰ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਨੂੰ ਭੇਜ ਸਕਦੀ ਹੈ ।

(5) ਉਪ ਖੰਡ (4) ਅਧੀਨ ਕਿਸੇ ਝਗੜੇ ਦਾ ਫ਼ੈਸਲਾ ਦੇਣ ਸਮੇਂ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਕੁਦਰਤੀ ਨਿਆਂ ਦੇ ਸਿਧਾਂਤਾਂ ਦਾ ਅਨੁਕਰਣ ਕਰੇਗੀ ਅਤੇ ਅਜਿਹੀ ਪ੍ਰਕ੍ਰਿਆ ਨੂੰ ਅਪਣਾਏਗੀ ਜੋ ਕਿ ਕੇਂਦਰ ਸਰਕਾਰ ਵਲੋਂ ਨਿਰਧਾਰਤ ਕੀਤੀ ਗਈ ਹੋਵੇ ।

(6) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਨੂੰ ਇਸ ਖੰਡ ਅਧੀਨ ਆਪਣੇ ਕਾਰਜਾਂ ਦੇ ਨਿਭਾਉਣ ਦੇ ਉਦੇਸ਼ਾਂ ਲਈ ਨਿਮਨ ਮਾਮਲਿਆਂ ਦੇ ਸੰਬੰਧ ਵਿਚ ਉਹੀ ਅਧਿਕਾਰ ਹੋਣਗੇ ਜਿਹੜੇ ਕਿ ਸਿਵਿਲ ਪ੍ਰਕ੍ਰਿਆ ਕੋਡ 1908 ਅਧੀਨ ਸਿਵਿਲ ਕੋਰਟ ਨੂੰ ਹੁੰਦੇ ਹਨ, ਅਰਥਾਤ **5 ਦਾ 1908**

(ੳ) ਕਿਸੇ ਵਿਅਕਤੀ ਨੂੰ ਸੰਮਨ ਭੇਜਣਾ ਅਤੇ ਹਾਜ਼ਰੀ ਲਈ ਮਜ਼ਬੂਰ ਕਰਨਾ ਅਤੇ ਉਸ ਦੀ ਸਹੁੰ ਰਾਹੀਂ ਪੜਤਾਲ ਕਰਨਾ;

(ਅ) ਦਸਤਾਵੇਜ਼ਾਂ ਦੀ ਭਾਲ ਅਤੇ ਉਸ ਨੂੰ ਪੇਸ਼ ਕਰਵਾਉਣਾ;

(ੲ) ਗਵਾਹੀਆਂ ਜਾਂ ਬਿਆਨਾਂ ਤੇ ਸਬੂਤ ਪ੍ਰਾਪਤ ਕਰਨਾ;

(ਸ) ਗਵਾਹੀਆਂ ਜਾਂ ਦਸਤਾਵੇਜ਼ਾਂ ਦੀ ਜਾਂਚ ਲਈ ਕਮਿਸ਼ਨ ਗਠਿਤ ਕਰਨਾ ।

(ਹ) ਆਪਣੇ ਫ਼ੈਸਲਿਆਂ ਤੇ ਪੁਨਰ ਵਿਚਾਰ ਕਰਨਾ;

(ਕ) ਕਿਸੇ ਕਮੀ ਕਾਰਨ ਬਿਨੈ ਪੱਤਰ ਰੱਦ ਕਰਨਾ ਜਾਂ ਇਕ ਤਰਫ਼ਾ ਫੈਸਲਾ ਦਿੰਦਿਆਂ ਬਿਨੈ ਪੱਤਰ ਮਨਸੂਖ਼ ਕਰਨਾ;

(ਖ) ਕੁਤਾਹੀ ਜਾਂ ਕਿਸੇ ਹੋਰ ਜਾਂ ਇਕ ਤਰਫ਼ਾ ਹੁਕਮ ਦੇ ਲਈ ਕਿਸੇ ਬਿਨੈ ਪੱਤਰ ਨੂੰ ਮਨਸੂਖ਼ ਕਰਨਾ;

(ਗ) ਕੋਈ ਹੋਰ ਮਾਮਲਾ ਜੋ ਕਿ ਨਿਰਧਾਰਿਤ ਕੀਤਾ ਗਿਆ ਹੋਵੇ ।

(7) ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਹਰੇਕ ਕਾਰਵਾਈ ਖੰਡ 193 ਅਤੇ 228 ਦੇ ਅਰਥਾਂ ਵਿਚ ਨਿਆਇਕ ਮੰਨੀ ਜਾਵੇਗੀ ਅਤੇ **1860 ਦਾ 45**

**1974 ਦਾ 2**

ਭਾਰਤੀ ਸਿਵਲ ਕੋਡ ਦੇ ਖੰਡ 196 ਦੇ ਉਦੇਸ਼ਾਂ ਲਈ ਅਤੇ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਨੂੰ ਖੰਡ 195 ਦੇ ਸਾਰੇ ਉਦੇਸ਼ਾਂ ਅਤੇ ਫੌਜ਼ਦਾਰੀ ਆਚਰਣ ਸੰਹਿਤਾ 1973 ਦੇ ਅਧਿਆਏ 26 ਲਈ ਸਿਵਲ ਕੋਰਟ ਮੰਨਿਆ ਜਾਵੇਗਾ।

**ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੇ ਮੈਂਬਰ, ਅਫ਼ਸਰ ਆਦਿ ਨੂੰ ਜਨਤਕ ਕਰਮਚਾਰੀ ਮੰਨਿਆ ਜਾਵੇਗਾ**

**51.** ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਜਾਂ ਰਾਜ ਜੈਵਿਕ ਵਿਭਿੰਨਤਾ ਬੋਰਡ ਦੇ ਸਾਰੇ ਮੈਂਬਰ, ਅਫ਼ਸਰ ਅਤੇ ਦੂਸਰੇ ਕਰਮਚਾਰੀਆਂ ਨੂੰ ਇਸ ਕਾਨੂੰਨ ਦੇ ਉਪਬੰਧਾਂ ਅਧੀਨ ਕਾਰਜ ਕਰਦਿਆਂ ਭਾਰਤੀ ਪੀਨਲ ਕੋਡ ਦੇ ਖੰਡ 21 ਦੇ ਅਰਥਾਂ ਵਿਚ ਜਨਤਕ ਕਰਮਚਾਰੀ ਮੰਨਿਆਂ ਜਾਵੇਗਾ।

**ਅਪੀਲ**

**52.** ਇਸ ਕਾਨੂੰਨ ਅਧੀਨ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਜਾਂ ਰਾਜ ਜੈਵਿਕ ਵਿਭਿੰਨਤਾ ਬੋਰਡ ਵੱਲੋਂ ਲਾਭਾਂ ਦੀ ਵੰਡ ਨੂੰ ਨਿਰਧਾਰਤ ਕਰਨ ਸੰਬੰਧੀ ਫ਼ੈਸਲੇ ਅਤੇ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਜਾਂ ਰਾਜ ਜੈਵਿਕ ਵਿਭਿੰਨਤਾ ਬੋਰਡ ਦੇ ਫ਼ੈਸਲਿਆਂ ਤੋਂ ਪੀੜਤ ਕੋਈ ਵੀ ਵਿਅਕਤੀ 30 ਦਿਨਾਂ ਦੇ ਅੰਦਰ ਅੰਦਰ ਹਾਈ ਕੋਰਟ ਵਿਚ ਅਪੀਲ ਕਰ ਸਕਦਾ ਹੈ।

ਪਰ ਸ਼ਰਤ ਇਹ ਹੈ ਕਿ ਹਾਈ ਕੋਰਟ ਜੇਕਰ ਇਸ ਤੋਂ ਸੰਤੁਸ਼ਟ ਹੋਵੇ ਕਿ ਅਪੀਲ ਕਰਤਾ ਨੂੰ ਉਕਤ ਸਮੇਂ ਦੌਰਾਨ ਅਪੀਲ ਪੇਸ਼ ਕਰਨ ਤੋਂ ਉਚਿਤ ਕਾਰਨ ਲਈ ਰੋਕਿਆ ਗਿਆ ਸੀ ਤਾਂ ਉਹ ਉਸ ਨੂੰ ਅਗਲੇ ਸਮੇਂ ਲਈ ਜਿਹੜਾ ਕਿ 60 ਦਿਨਾਂ ਤੋਂ ਵਧੇਰੇ ਨਹੀਂ ਹੋਵੇਗਾ, ਦੌਰਾਨ ਅਪੀਲ ਪੇਸ਼ ਕਰਨ ਦੀ ਇਜ਼ਾਜਤ ਦੇ ਸਕਦੀ ਹੈ।

**ਨਿਰਧਾਰਨ ਦਾ ਪਾਲਣ ਜਾਂ ਹੁਕਮ**

**53.** ਇਸ ਕਾਨੂੰਨ ਅਧੀਨ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਜਾਂ ਰਾਜ ਜੈਵਿਕ ਵਿਭਿੰਨਤਾ ਬੋਰਡ ਵਲੋਂ ਕੋਈ ਲਾਭਾਂ ਦੀ ਵੰਡ ਨਿਰਧਾਰਨ ਸੰਬੰਧੀ ਫੈਸਲਾ ਜਾਂ ਹੁਕਮ ਜਾਂ ਕਿਸੇ ਅਪੀਲ ਵਿਚ ਕਿਸੇ ਫੈਸਲੇ ਦੇ ਵਿਰੁੱਧ ਹਾਈ ਕੋਰਟ ਵਲੋਂ ਕੀਤਾ ਗਿਆ ਹੁਕਮ ਜਾਂ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਜਾਂ ਰਾਜ ਜੈਵਿਕ ਵਿਭਿੰਨਤਾ ਬੋਰਡ ਜਾਂ ਹਾਈ ਕੋਰਟ ਦੇ ਰਜਿਸਟਰਾਰ, ਜਿਵੇਂ ਵੀ ਕੇਸ ਹੋਵੇ, ਦੇ ਅਫ਼ਸਰ ਵਲੋਂ ਜਾਰੀ ਕੀਤਾ ਸਰਟੀਫਿਕੇਟ ਸਿਵਿਲ ਕੋਰਟ ਦਾ ਹੁਕਮ ਮੰਨਿਆਂ ਜਾਵੇਗਾ ਅਤੇ ਉਸੇ ਢੰਗ ਨਾਲ ਪਾਲਣਯੋਗ ਹੋਵੇਗਾ ਜਿਵੇਂ ਕਿ ਉਸ ਅਦਾਲਤ ਦੇ ਫਰਮਾਨ (Decree) ਦੀ ਮਾਨਨਾ ਕੀਤੀ ਜਾਂਦੀ ਹੈ।

ਵਿਆਖਿਆ : ਇਸ ਖੰਡ ਅਤੇ ਖੰਡ 52 ਦੇ ਉਦੇਸ਼ਾਂ ਲਈ ਸ਼ਬਦ ਰਾਜ ਜੈਵਿਕ ਵਿਭਿੰਨਤਾ ਬੋਰਡ ਵਿਚ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ ਸ਼ਾਮਲ ਹੈ ਜਿਨ੍ਹਾਂ ਨੂੰ ਖੰਡ 22 ਦੇ ਉਪ ਖੰਡ (2) ਅਧੀਨ ਸ਼ਕਤੀਆਂ ਜਾਂ ਕਾਰਜ ਸੌਂਪੇ ਹੋਏ ਹਨ ਅਤੇ ਅਜਿਹੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਵੱਲੋਂ ਸੰਬੰਧਿਤ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ ।

**ਸਹੀ ਵਿਸ਼ਵਾਸ਼ ਨਾਲ ਕੀਤੇ ਗਏ ਕਾਰਜ ਦੀ ਸੁਰੱਖਿਆ**

**54.** ਕੇਂਦਰੀ ਸਰਕਾਰ ਜਾਂ ਰਾਜ ਸਰਕਾਰ ਦੇ ਕਿਸੇ ਅਫ਼ਸਰ ਜਾਂ ਕਿਸੇ ਮੈਂਬਰ ਜਾਂ ਕੌਮੀ ਜੈਵਿਕ ਵਿਭਿੰਨਤਾ ਜਾਂ ਰਾਜ ਜੈਵਿਕ ਵਿਭਿੰਨਤਾ ਬੋਰਡ ਦੇ ਕਿਸੇ ਅਫ਼ਸਰ ਜਾਂ ਕਰਮਚਾਰੀ ਵਿਰੁਧ ਕਿਸੇ ਅਜਿਹੇ ਕਾਰਜ ਲਈ ਜਿਹੜਾ ਕਿ ਸਹੀ ਵਿਸ਼ਵਾਸ ਨਾਲ ਜਾਂ ਵਿਸਾਹ ਨਾਲ ਇਸ ਕਾਨੂੰਨ ਅਧੀਨ ਜਾਂ ਉਸ ਅਧੀਨ ਬਣਾਏ ਨਿਯਮਾਂ ਜਾਂ ਵਿਨਿਯਮਾਂ ਅਨੁਸਾਰ ਕੀਤਾ ਗਿਆ ਹੋਵੇ, ਦੇ ਕਾਰਨ ਕੋਈ ਮੁਕੱਦਮਾ, ਸਜ਼ਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਵੇਗੀ।

**ਜੁਰਮਾਨੇ**

**55.** (1) ਜਿਹੜਾ ਵੀ ਖੰਡ 3, 4 ਜਾਂ 6 ਦੇ ਉਪਬੰਧਾਂ ਦੀ ਉਲੰਘਣਾ ਕਰਦਾ ਹੈ ਜਾਂ ਕਰਨ ਦੀ ਕੋਸ਼ਿਸ਼ ਕਰਦਾ ਹੈ ਉਹ ਅਜਿਹੀ ਕੈਦ ਦੀ ਸਜ਼ਾ ਦਾ ਭਾਗੀ ਹੋਵੇਗਾ ਜੋ ਕਿ ਪੰਜ ਸਾਲ ਤੱਕ ਵਧਾਈ ਜਾ ਸਕਦੀ ਹੈ ਜਾਂ 10 ਲੱਖ ਰੁਪਏ ਤਕ ਜੁਰਮਾਨਾ ਅਤੇ ਜਿੱਥੇ ਕੀਤਾ ਗਿਆ ਨੁਕਸਾਨ 10 ਲੱਖ ਤੋਂ ਵਧੇਰੇ ਹੋਵੇ ਤਾਂ ਅਜਿਹਾ ਜੁਰਮਾਨਾ ਨੁਕਸਾਨ ਦੇ ਅਨੁਰੂਪ ਜਾਂ ਦੋਵੇਂ ਹੋ ਸਕਦੇ ਹਨ ।

(2) ਜਿਹੜਾ ਵੀ ਖੰਡ 7 ਜਾਂ ਖੰਡ 24 ਦੇ ਉਪ ਖੰਡ 2 ਅਧੀਨ ਕੀਤੇ ਹੁਕਮ ਦੀ ਉਲੰਘਣਾ ਕਰਦਾ ਹੈ ਜਾਂ ਕਰਨ ਦੀ ਕੋਸ਼ਿਸ ਕਰਦਾ ਹੈ, ਉਹ ਵਿਅਕਤੀ ਅਜਿਹੇ ਸਮੇਂ ਲਈ ਕੈਦ ਦੀ ਸਜ਼ਾ ਦਾ ਭਾਗੀ ਹੋਵੇਗਾ ਜਿਹੜੀ ਕਿ 3 ਸਾਲ ਲਈ ਵਧਾਈ ਜਾ ਸਕਦੀ ਹੈ ਜਾਂ ਪੰਜ ਲੱਖ ਰੁਪਏ ਤਕ ਜੁਰਮਾਨਾ ਹੋ ਸਕਦਾ ਹੈ ਜਾਂ ਦੋਵੇਂ ਹੋ ਸਕਦੇ ਹਨ ।

**ਕੇਂਦਰੀ ਸਰਕਾਰ, ਰਾਜ ਸਰਕਾਰ, ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਅਤੇ ਰਾਜ ਜੈਵਿਕ ਵਿਭਿੰਨਤਾ ਬੋਰਡਾਂ ਦੇ ਹੁਕਮਾਂ ਅਤੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕਰਨ ਦਾ ਜੁਰਮਾਨਾ**

**56.** ਜੇਕਰ ਕੋਈ ਵਿਅਕਤੀ ਕੇਂਦਰ ਸਰਕਾਰ, ਰਾਜ ਸਰਕਾਰ, ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਜਾਂ ਰਾਜ ਜੈਵਿਕ ਵਿਭਿੰਨਤਾ ਬੋਰਡ ਵਲੋਂ ਬਣਾਏ ਕਿਸੇ ਹੁਕਮ ਜਾਂ ਦਿਸ਼ਾ ਨਿਰਦੇਸ਼ ਦੀ ਉਲੰਘਣਾ ਕਰਦਾ ਹੈ, ਜਿਸ ਲਈ ਇਸ ਕਾਨੂੰਨ ਅਧੀਨ ਵੱਖਰੇ ਰੂਪ ਵਿਚ ਕੋਈ ਸਜ਼ਾ ਨਿਰਧਾਰਿਤ ਨਹੀਂ ਕੀਤੀ ਗਈ, ਤਾਂ ਉਸ ਵਿਅਕਤੀ ਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ ਜੋ ਕਿ ਇਕ ਲੱਖ ਰੁਪਏ ਤੱਕ ਵਧਾਇਆ ਜਾ ਸਕਦਾ ਹੈ ਅਤੇ ਦੂਸਰੇ ਜਾਂ ਬਾਅਦ ਦੇ

ਜੁਰਮ ਲਈ 2 ਲੱਖ ਰੁਪਏ ਤੱਕ ਵਧਾਇਆ ਜਾ ਸਕਦਾ ਹੈ ਅਤੇ ਨਿਰੰਤਰ ਉਲੰਘਣਾ ਦੀ ਸੂਰਤ ਵਿਚ ਵਧੀਕ ਜੁਰਮਾਨਾ ਲਗਾਇਆ ਜਾ ਸਕਦਾ ਹੈ ਜੋ ਕਿ ਕੋਤਾਹੀ ਦੀ ਨਿਰੰਤਰਤਾ ਦੌਰਾਨ 2 ਲੱਖ ਰੁਪਏ ਰੋਜ਼ਾਨਾ ਤੱਕ ਵਧਾਇਆ ਜਾ ਸਕਦਾ ਹੈ।

**ਕੰਪਨੀਆਂ ਦੁਆਰਾ ਉਲੰਘਣਾਂ**

**57.** (1) ਜਿੱਥੇ ਇਸ ਕਾਨੂੰਨ ਅਧੀਨ ਕੋਈ ਜੁਰਮ ਜਾਂ ਉਲੰਘਣਾ ਕਿਸੇ ਕੰਪਨੀ ਵਲੋਂ ਕੀਤਾ ਗਿਆ ਹੋਵੇ ਉਥੇ ਹਰੇਕ ਵਿਅਕਤੀ ਜੋ ਜੁਰਮ ਜਾਂ ਉਲੰਘਣਾ ਕਰਨ ਦੇ ਮੌਕੇ ਤੇ ਮੌਜੂਦ ਹੋਵੇ ਅਤੇ ਕੰਪਨੀ ਦੇ ਕਾਰਜ ਨੂੰ ਕਰਨ ਲਈ ਜ਼ਿੰਮੇਵਾਰ ਹੋਵੇ ਅਤੇ ਖ਼ੁਦ ਕੰਪਨੀ ਵੀ ਜੁਰਮ ਜਾਂ ਉਲੰਘਣਾ ਦੀ ਦੋਸ਼ੀ ਮੰਨੀ ਜਾਵੇਗੀ ਅਤੇ ਇਸ ਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਸਕੇਗੀ ਅਤੇ ਉਸ ਮੁਤਾਬਿਕ ਸੰਬੰਧਤਿ ਵਿਅਕਤੀ ਸਜ਼ਾ ਦੇ ਭਾਗੀ ਹੋਣਗੇ।

ਸ਼ਰਤ ਇਹ ਹੈ ਕਿ ਉਪਧਾਰਾ ਵਿਚ ਸ਼ਾਮਲ ਕੁਝ ਵੀ ਕਿਸੇ ਅਜਿਹੇ ਵਿਅਕਤੀ ਨੂੰ ਕਿਸੇ ਸਜ਼ਾ ਦੇ ਯੋਗ ਨਹੀਂ ਬਣਾਏਗਾ ਕਿਉਂਕਿ ਇਸ ਕਾਨੂੰਨ ਵਿਚ ਇਹ ਦਰਸਾਇਆ ਗਿਆ ਹੈ ਕਿ ਜੇਕਰ ਇਹ ਸਾਬਤ ਕਰ ਦਿੱਤਾ ਜਾਵੇ ਕਿ ਜੁਰਮ ਜਾਂ ਉਲੰਘਣਾ ਉਸ ਦੀ ਜਾਣਕਾਰੀ ਤੋਂ ਬਿਨਾ ਕੀਤੀ ਗਈ ਸੀ ਜਾਂ ਉਸ ਵਲੋਂ ਅਜਿਹੀ ਉਲੰਘਣਾ ਨਾ ਕਰਨ ਦੀ ਹਰ ਕੋਸ਼ਿਸ ਕੀਤੀ ਗਈ ਸੀ।

(2) ਉੱਪਧਾਰਾ (1) ਵਿਚ ਸ਼ਾਮਲ ਕਿਸੇ ਵੀ ਚੀਜ ਤੋਂ ਇਲਾਵਾ ਜਿੱਥੇ ਇਸ ਕਾਨੂੰਨ ਅਧੀਨ ਕੋਈ ਜੁਰਮ ਜਾਂ ਉਲੰਘਣਾ ਕਿਸੇ ਕੰਪਨੀ ਦੁਆਰਾ ਕੀਤੀ ਗਈ ਹੈ ਅਤੇ ਇਹ ਸਾਬਤ ਕਰ ਦਿੱਤਾ ਗਿਆ ਹੈ ਕਿ ਜੁਰਮ ਜਾਂ ਉਲੰਘਣਾ ਸਹਿਮਤੀ ਨਾਲ ਜਾਂ ਮਿਲੀਭੁਗਤ ਜਾਂ ਜਿੰਮੇ ਲਾਉਣ ਯੋਗ ਜਾਂ ਕਿਸੇ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਕੰਪਨੀ ਦੇ ਕਿਸੇ ਹੋਰ ਅਫਸਰ ਦੀ ਅਣਗਹਿਲੀ ਕਾਰਣ ਕੀਤੀ ਗਈ ਹੈ ਤਾਂ ਅਜਿਹਾ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਦੂਸਰੇ ਅਫ਼ਸਰ ਜੁਰਮ ਜਾਂ ਉਲੰਘਣਾ ਦੇ ਦੋਸ਼ੀ ਮੰਨੇ ਜਾਣਗੇ ਅਤੇ ਉਨਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਸਕੇਗੀ ਅਤੇ ਉਸ ਅਨੁਸਾਰ ਸਜ਼ਾ ਦੇ ਭਾਗੀ ਹੋਣਗੇ।

ਵਿਆਖਿਆ: ਇਸ ਧਾਰਾ ਦੇ ਮੰਤਵ:

(ੳ) ਕੰਪਨੀ ਤੋਂ ਭਾਵ ਕਿਸੇ ਵਿਗਮਿਤ ਸੰਸਥਾ ਤੋਂ ਹੈ ਅਤੇ ਉਸ ਵਿਚ ਕੋਈ ਫਰਮ ਜਾਂ ਵਿਅਕਤੀਆਂ ਦਾ ਸਮੂਹ ਸ਼ਾਮਿਲ ਹੁੰਦਾ ਹੈ।

(ਅ) ਫਰਮ ਦੇ "ਡਾਇਰੈਕਟਰ" ਦੇ ਸੰਬੰਧ ਤੋਂ ਭਾਵ ਹੈ ਫਰਮ ਦਾ ਭਾਈਵਾਲ।

**58.** ਇਸ ਕਾਨੂੰਨ ਅਧੀਨ ਜੁਰਮ ਸੁਣਵਾਈਯੋਗ ਅਤੇ ਗ਼ੈਰ ਜਮਾਨਤੀ ਹੋਣਗੇ ।

**ਜੁਰਮ ਸੁਣਵਾਈਯੋਗ ਅਤੇ ਗ਼ੈਰ ਜਮਾਨਤ ਹੋਣਗੇ**

**59.** ਇਸ ਕਾਨੂੰਨ ਦੇ ਉਪਬੰਧ ਕਿਸੇ ਹੋਰ ਕਾਨੂੰਨ ਦੇ ਉਪਬੰਧਾਂ ਤੋਂ ਇਲਾਵਾ ਜਿਹੜੇ ਕਿ ਫਿਲਹਾਲ ਲਾਗੂ ਹੋਣ ਅਤੇ ਜੰਗਲਾਤ ਜਾਂ ਜੰਗਲੀ ਜੀਵ ਨਾਲ ਸੰਬੰਧਿਤ ਹੋਣ ਤੋਂ ਇਲਾਵਾ ਹੋਣਗੇ ਨਾ ਕਿ ਉਨ੍ਹਾਂ ਦੇ ਵਿਰੁੱਧ ਹੋਣਗੇ।

**ਕਾਨੂੰਨ ਦਾ ਬਾਕੀ ਕਾਨੂੰਨਾਂ ਵਿਚ ਵਧੀਕਰਨ**

**60.** ਕੇਂਦਰੀ ਸਰਕਾਰ ਕਿਸੇ ਰਾਜ ਸਰਕਾਰ ਨੂੰ ਇਸ ਕਾਨੂੰਨ ਦੇ ਉਪਬੰਧਾਂ ਦੀ ਜਾਂ ਇਸ ਅਧੀਨ ਬਣਾਏ ਕਿਸੇ ਨਿਯਮ ਜਾਂ ਵਿਨਿਯਮ ਜਾਂ ਹੁਕਮਾਂ ਦੀ ਪਾਲਣਾ ਲਈ ਨਿਰਦੇਸ਼ ਦੇ ਸਕਦੀ ਹੈ।

**ਕੇਂਦਰੀ ਸਰਕਾਰ ਦੀਆਂ ਰਾਜ ਸਰਕਾਰਾਂ ਨੂੰ ਦਿਸ਼ਾ ਨਿਰਦੇਸ਼ ਦੇਣ ਦੀਆਂ ਸ਼ਕਤੀਆਂ**

**61.** ਇਸ ਕਾਨੂੰਨ ਅਧੀਨ ਕੋਈ ਵੀ ਅਦਾਲਤ ਕਿਸੇ ਜ਼ੁਰਮ ਦੀ ਸੁਣਵਾਈ ਨਹੀਂ ਕਰੇਗੀ ਸਿਵਾਏ ਉਸ ਸ਼ਿਕਾਇਤ ਦੇ ਜਿਹੜੀ ਕਿ :

**ਜ਼ੁਰਮਾ ਦੀ ਸੁਣਵਾਈ**

(ੳ) ਕੇਂਦਰੀ ਸਰਕਾਰ ਜਾਂ ਕੋਈ ਹੋਰ ਅਥਾਰਟੀ ਜਾਂ ਇਸ ਸੰਬੰਧ ਵਿਚ ਸਰਕਾਰ ਦੁਆਰਾ ਅਧਿਕਾਰਿਤ ਕਿਸੇ ਵਿਅਕਤੀ ਵਲੋਂ ਕੀਤੀ ਗਈ ਹੋਵੇ; ਜਾਂ

(ਅ) ਕੋਈ ਲਾਭਕਾਰੀ ਦਾਅਵੇਦਾਰ ਜਿਸ ਨੂੰ ਅਜਿਹੇ ਜੁਰਮ ਸੰਬੰਧੀ ਨਿਰਧਾਰਿਤ ਸਮੇਂ ਨਾਲ ਘੱਟੋ ਘੱਟ 30 ਦਿਨ ਦਾ ਨੋਟਿਸ ਦਿੱਤਾ ਹੋਵੇ ਅਤੇ ਉਹ ਕੇਂਦਰੀ ਸਰਕਾਰ ਜਾਂ ਅਥਾਰਟੀ ਜਾਂ ਅਧਿਕਿਰਤ ਅਫਸਰ ਜਿਵੇਂ ਪਹਿਲਾਂ ਵਰਣਨ ਕੀਤਾ ਗਿਆ ਹੈ ਨੂੰ ਸ਼ਿਕਾਇਤ ਕਰਨ ਦੀ ਮਨਸ਼ਾ ਰੱਖਦਾ ਹੋਵੇ।

**62.** (1) ਕੇਂਦਰੀ ਸਰਕਾਰ, ਸਰਕਾਰੀ ਗ਼ਜ਼ਟ ਵਿਚ ਅਧਿਸੂਚਨਾ ਦੁਆਰਾ ਇਸ ਕਾਨੂੰਨ ਦੇ ਉਦੇਸ਼ਾਂ ਲਈ ਨਿਯਮ ਬਣਾ ਸਕਦੀ ਹੈ ।

**ਕੇਂਦਰੀ ਸਰਕਾਰ ਦੀਆਂ ਨਿਯਮ ਬਣਾਉਣ ਦੀਆਂ ਸ਼ਕਤੀਆਂ**

(2) ਵਿਸ਼ੇਸ਼ ਰੂਪ ਵਿਚ ਅਤੇ ਪੂਰਵ ਦਰਸਾਈਆਂ ਸ਼ਕਤੀਆਂ ਦੀ ਸਧਾਰਣਤਾ ਦੇ ਬਿਨਾਂ ਪੱਖਪਾਤ ਤੋਂ

ਅਜਿਹੇ ਨਿਯਮ ਦਰਸਾਏ ਜਾਂ ਕਿਸੇ ਇਕ ਮਾਮਲੇ ਲਈ ਮੁਹੱਈਆਂ ਕਰਵਾਏ ਜਾ ਸਕਦੇ ਹਨ, ਅਰਥਾਤ :

(ੳ) ਖੰਡ 9 ਅਧੀਨ ਚੇਅਰਪਰਸਨ ਅਤੇ ਮੈਂਬਰਾਂ ਦੀਆਂ ਸੇਵਾ ਦੀਆਂ ਸ਼ਰਤਾਂ ਅਤੇ ਬੰਦਸ਼ਾਂ;

(ਅ) ਖੰਡ 10 ਅਧੀਨ, ਚੇਅਰਪਰਸਨ ਦੀਆਂ ਸ਼ਕਤੀਆਂ ਅਤੇ ਕਾਰਜ;

(ੲ) ਮੀਟਿੰਗਾਂ ਵਿਚ ਲੈਣ ਦੇਣ ਦੇ ਸੰਬੰਧ ਵਿਚ ਖੰਡ 12 ਦੇ ਉਪਖੰਡ 1 ਅਧੀਨ ਕਾਰਜ ਵਿਧੀ ;

(ਸ) ਖੰਡ 19 ਦੇ ਉਪਖੰਡ 1 ਅਧੀਨ ਖ਼ਾਸ ਗਤੀਵਿਧੀਆਂ ਹੱਥ ਵਿਚ ਲੈਣ ਲਈ ਬਿਨੈ ਪੱਤਰ ਦਾ ਰੂਪ ਅਤੇ ਫੀਸਾਂ ਦੀ ਅਦਾਇਗੀ;

(ਹ) ਖੰਡ 19 ਦੇ ਉਪਖੰਡ 2 ਅਧੀਨ ਬਿਨੈ ਪੱਤਰ ਦੀ ਰੂਪ ਰੇਖਾ ਅਤੇ ਵਿਧੀ ;

(ਕ) ਖੰਡ 20 ਦੇ ਉਪਖੰਡ 2 ਅਧੀਨ ਜੈਵਿਕ ਸ੍ਰੋਤਾਂ ਜਾਂ ਜਾਣਕਾਰੀ ਦੀ ਤਬਦੀਲੀ ਪ੍ਰਤੀ ਰੂਪ ਰੇਖਾ ਅਤੇ ਵਿਧੀ ;

(ਖ) ਰੂਪ ਰੇਖਾ ਅਤੇ ਸਮਾਂ ਜਦੋਂ ਕਿ ਹਰੇਕ ਵਿੱਤੀ ਸਾਲ ਲਈ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਦੀ ਸਾਲਾਨਾ ਰਿਪੋਟ ਤਿਆਰ ਕੀਤੀ ਜਾਵੇਗੀ ਅਤੇ ਮਿਤੀ ਤੋਂ ਪਹਿਲਾਂ ਇਸ ਦੇ ਖਾਤਿਆਂ ਦੀ ਲੇਖਾ ਜਾਂਚ ਕੀਤੀ ਜਾਵੇਗੀ ਅਤੇ ਲੇਖਾਕਾਰ ਦੀ ਰਿਪੋਟ ਖੰਡ 28 ਅਧੀਨ ਪੇਸ਼ ਕੀਤੀ ਜਾਵੇਗੀ ;

(ਗ) ਉਹ ਰੂਪ ਰੇਖਾ ਜਿਸ ਵਿਚ ਖਾਤਿਆਂ ਦੀ ਸਾਲਾਨਾ ਸਾਰਣੀ ਖੰਡ 29 ਦੇ ਉਪਖੰਡ (1) ਅਧੀਨ ਤਿਆਰ ਕੀਤੀ ਜਾਵੇਗੀ ;

(ਘ) ਸਮਾਂ ਜਿਸ ਦੇ ਅੰਦਰ ਅੰਦਰ ਅਤੇ ਰੂਪ ਰੇਖਾ ਜਿਸ ਵਿਚ ਅਪੀਲ ਕੀਤੀ ਜਾਣੀ ਹੈ, ਕਿਸੇ ਅਪੀਲ ਦੇ ਨਿਪਟਾਰੇ ਲਈ ਕਾਰਜ ਵਿਧੀ

ਅਤੇ ਖੰਡ 50 ਅਧੀਨ ਫੈਸਲਾ ਕਰਨ ਦੀ ਕਾਰਜਵਿਧੀ ;

(ਙ) ਵਧੀਕ ਮਾਮਲਾ ਜਿਸ ਅਨੁਸਾਰ ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਖੰਡ 50 ਦੇ ਉਪਖੰਡ (6) ਧਾਰਾ (ਗ) ਅਧੀਨ ਸਿਵਲ ਅਦਾਲਤ ਦੀਆਂ ਸ਼ਕਤੀਆਂ ਦੀ ਵਰਤੋਂ ਕਰ ਸਕਦੀ ਹੈ ;

(ਚ) ਖੰਡ 61 ਦੀ ਧਾਰਾ (ਅ) ਅਧੀਨ ਨੋਟਿਸ ਦੇਣ ਦੀ ਵਿਧੀ ;

(ਛ) ਕੋਈ ਹੋਰ ਮਾਮਲਾ ਜੋ ਕਿ ਨਿਰਧਾਰਤ ਕੀਤਾ ਜਾਣਾ ਜਾਂ ਕੀਤਾ ਗਿਆ ਹੋਵੇ ਜਾਂ ਇਸ ਸੰਬੰਧ ਵਿਚ ਨਿਯਮਾਂ ਅਨੁਸਾਰ ਉਪਬੰਧ ਕੀਤਾ ਜਾਣਾ ਹੋਵੇ ।

3. ਇਸ ਖੰਡ ਅਧੀਨ ਬਣਾਇਆ ਹਰੇਕ ਨਿਯਮ ਅਤੇ ਇਸ ਕਾਨੂੰਨ ਅਧੀਨ ਬਣਾਇਆ ਹਰੇਕ ਵਿਨਿਯਮ ਬਣਾਏ ਜਾਣ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਸੰਸਦ ਦੇ ਹਰੇਕ ਸਦਨ ਅੱਗੇ ਪੇਸ਼ ਕੀਤਾ ਜਾਵੇਗਾ ਜਦੋਂ ਕਿ ਸੰਸਦ ਦਾ 30 ਦਿਨਾਂ ਦਾ ਸੈਸ਼ਨ ਹੋਵੇ ਜਿਹੜਾ ਕਿ ਇਕ ਸੈਸ਼ਨ ਜਾਂ ਦੋ ਜਾਂ ਵਧੇਰੇ ਆਉਣ ਵਾਲੇ ਸੈਸ਼ਨਾਂ ਵਿਚ ਹੋ ਸਕਦਾ ਹੈ ਅਤੇ ਜੇਕਰ ਸੈਸ਼ਨ ਦੇ ਖ਼ਤਮ ਹੋਣ ਤੋਂ ਪਹਿਲਾਂ ਸੈਸ਼ਨ ਦੇ ਤੁਰੰਤ ਬਾਅਦ ਦੱਸੇ ਪੂਰਵਵਰਤੀ ਆਉਣ ਵਾਲੇ ਸੈਸ਼ਨ ਦੌਰਾਨ ਦੋਵੇਂ ਸਦਨ ਨਿਯਮ ਜਾਂ ਵਿਨਿਯਮਾਂ ਵਿਚ ਸੋਧ ਲਈ ਸਹਿਮਤ ਨਹੀਂ ਹੁੰਦੇ ਤਾਂ ਨਿਯਮ ਜਾਂ ਵਿਨਿਯਮ ਨਹੀਂ ਬਣਾਏ ਜਾ ਸਕਦੇ ਤਾਂ ਉਹ ਨਿਯਮ ਜਾਂ ਵਿਨਿਯਮ ਦੇ ਉਸ ਤੋਂ ਬਾਅਦ ਸੰਸ਼ੋਧਿਤ ਰੂਪ ਵਿਚ ਚਾਲੂ ਹੋਣਗੇ ਜਾਂ ਇਸਦਾ ਕੋਈ ਪ੍ਰਭਾਵ ਨਹੀਂ ਹੋਵੇਗਾ, ਜੇਕਰ ਅਜਿਹੀ ਕੋਈ ਸੋਧ ਬਿਨਾਂ ਪੱਖਪਾਤ ਤੋਂ ਉਸ ਨਿਯਮ ਜਾਂ ਵਿਨਿਯਮ ਅਧੀਨ ਕੀਤੀ ਜਾਂਦੀ ਹੈ ।

**ਰਾਜ ਸਰਕਾਰ ਦੀਆਂ ਨਿਯਮ ਬਣਾਉਣ ਦੀਆਂ ਸ਼ਕਤੀਆਂ**

**63.** (1) ਰਾਜ ਸਰਕਾਰ ਸਰਕਾਰੀ ਗ਼ਜ਼ਟ ਵਿਚ ਅਧਿਸੂਚਨਾ ਦੁਆਰਾ ਇਸ ਕਾਨੂੰਨ ਦੇ ਉਦੇਸ਼ਾਂ ਦੀ ਪੂਰਤੀ ਲਈ ਨਿਯਮ ਬਣਾ ਸਕਦੀ ਹੈ ।

(2) ਵਿਸ਼ੇਸ਼ ਰੂਪ ਵਿਚ ਪੂਰਵਵਰਤੀ ਸ਼ਕਤੀ ਦੀ ਸਧਾਰਣਤਾ ਨਾਲ ਬਿਨਾਂ ਪੱਖਪਾਤ ਦੇ ਅਜਿਹੇ ਨਿਯਮ, ਹੇਠ ਲਿਖਿਆਂ ਵਿਚੋਂ ਸਾਰੇ ਜਾਂ ਕਿਸੇ ਇਕ ਮਾਮਲੇ ਲਈ ਮੁਹੱਈਆ ਕਰਵਾਏ ਜਾ ਸਕਦੇ ਹਨ ਅਰਥਾਤ :

(ੳ) ਖੰਡ 23 ਦੀ ਧਾਰਾ (ੲ) ਅਧੀਨ ਰਾਜ ਜੈਵਿਕ ਵਿਭਿੰਨਤਾ ਬੋਰਡ ਦੁਆਰਾ ਨਿਭਾਏ ਜਾਣ ਵਾਲੇ ਹੋਰ ਕਾਰਜ ;

(ਅ) ਉਹ ਰੂਪ ਰੇਖਾ ਜਿਸ ਅਨੁਸਾਰ ਖੰਡ 24 ਦੇ ਉਪਖੰਡ (1) ਅਧੀਨ ਅਗੇਤੀ ਸੂਚਨਾ ਦਿੱਤੀ ਜਾਵੇਗੀ;

(ੲ) ਉਹ ਰੂਪ ਰੇਖਾ ਅਤੇ ਹਰੇਕ ਵਿੱਤੀ ਸਾਲ ਦਾ ਸਮਾਂ ਅਤੇ ਜਦੋਂ ਖੰਡ 33 ਅਧੀਨ ਸਾਲਾਨਾ ਰਿਪੋਟ ਤਿਆਰ ਕੀਤੀ ਜਾਵੇਗੀ;

(ਸ) ਰਾਜ ਜੈਵਿਕ ਵਿਭਿੰਨਤਾ ਬੋਰਡ ਦੇ ਖਾਤਿਆਂ ਦੀ ਸੰਭਾਲ ਅਤੇ ਲੇਖਾ ਜਾਂਚ ਅਤੇ ਮਿਤੀ ਜਿਸ ਤੋਂ ਪਹਿਲਾਂ ਇਸਦੇ ਖਾਤਿਆਂ ਦੀ ਲੇਖਾ ਜਾਂਚ ਕਰਨਾ ਅਤੇ ਲੇਖਾਕਾਰ ਦੀ ਰਿਪੋਟ ਖੰਡ 34 ਅਧੀਨ ਪੇਸ਼ ਕੀਤੀ ਜਾਵੇਗੀ;

(ਹ) ਖੰਡ 37 ਅਧੀਨ ਕੌਮੀ ਵਿਰਾਸਤੀ ਸਥਲਾਂ ਦੀ ਸੰਭਾਲ ਅਤੇ ਪ੍ਰਬੰਧ;

(ਕ) ਪ੍ਰਬੰਧ ਦੀ ਵਿਧੀ ਅਤੇ ਸਥਾਨਕ ਜੈਵਿਕ ਵਿਭਿੰਨਤਾ ਫੰਡ ਦੀ ਸੰਭਾਲ ਅਤੇ ਉਦੇਸ਼ ਜਿੰਨ੍ਹਾਂ ਲਈ ਖੰਡ 44 ਦੇ ਉਪਖੰਡ (1) ਅਧੀਨ ਅਜਿਹੇ ਫੰਡ ਵਰਤੇ ਜਾਣਗੇ;

(ਖ) ਸਾਲਾਨਾਂ ਰਿਪੋਟ ਦੀ ਰੂਪ ਰੇਖਾ ਅਤੇ ਸਮਾਂ ਜਦੋਂ ਅਜਿਹੀ ਰਿਪੋਟ ਖੰਡ 45 ਅਧੀਨ ਹਰੇਕ ਵਿੱਤੀ ਸਾਲ ਦੌਰਾਨ ਤਿਆਰ ਕੀਤੀ ਜਾਵੇਗੀ;

(ਗ) ਸਥਾਨਕ ਜੈਵਿਕ ਵਿਭਿੰਨਤਾ ਫੰਡ ਦੀ ਸੰਭਾਲ ਅਤੇ ਖ਼ਾਤਿਆਂ ਦੀ ਲੇਖਾ ਜਾਂਚ ਅਤੇ ਮਿਤੀ ਜਿਸ ਤੋਂ ਪਹਿਲਾਂ ਇਸਦੇ ਖ਼ਾਤਿਆਂ ਦਾ ਲੇਖਾ ਜਾਂਚ ਕਰਵਾਉਣਾ ਅਤੇ ਲੇਖਾਕਾਰ ਦੀ ਰਿਪੋਟ ਖੰਡ 46 ਅਧੀਨ ਪੇਸ਼ ਕੀਤੀ ਜਾਵੇਗੀ;

(ਘ) ਕੋਈ ਹੋਰ ਮਾਮਲਾ ਜੋ ਕਿ ਨਿਰਧਾਰਤ ਕੀਤਾ ਜਾਣਾ ਜਾਂ ਕੀਤਾ ਗਿਆ ਹੋਵੇ ।

(3) ਇਸ ਖੰਡ ਅਧੀਨ ਰਾਜ ਸਰਕਾਰ ਵੱਲੋਂ ਬਣਾਇਆ ਹਰੇਕ ਨਿਯਮ ਇਸ ਦੇ ਬਣਾਏ ਜਾਣ ਤੋਂ ਬਾਅਦ ਜਿੰਨੀ

ਜਲਦੀ ਹੋ ਸਕੇ ਰਾਜ ਵਿਧਾਨਪਾਲਿਕਾ ਦੇ ਹਰੇਕ ਸਦਨ ਅੱਗੇ ਜਿਥੇ ਇਸ ਦੇ ਦੋ ਸਦਨ ਹੋਣ, ਪੇਸ਼ ਕੀਤਾ ਜਾਵੇਗਾ ਜਾਂ ਜਿਥੇ ਅਜਿਹੀ ਵਿਧਾਨਪਾਲਿਕਾ ਵਿਚ ਇਕ ਸਦਨ ਹੋਵੇ ਤਾਂ ਉਸ ਵਿਸ਼ੇਸ਼ ਸਦਨ ਅੱਗੇ ਪੇਸ਼ ਕੀਤਾ ਜਾਵੇਗਾ।

**ਵਿਨਿਯਮ ਬਣਾਉਣ ਦੀਆਂ ਸ਼ਕਤੀਆਂ**

**64.** ਕੌਮੀ ਜੈਵਿਕ ਵਿਭਿੰਨਤਾ ਅਥਾਰਟੀ ਕੇਂਦਰੀ ਸਰਕਾਰ ਦੀ ਪੂਰਵ ਪ੍ਰਵਾਨਗੀ ਉਪਰੰਤ ਸਰਕਾਰੀ ਗ਼ਜ਼ਟ ਵਿਚ ਅਧਿਸੂਚਨਾ ਦੁਆਰਾ ਇਸ ਕਾਨੂੰਨ ਦੇ ਉਦੇਸ਼ਾਂ ਦੀ ਪੂਰਤੀ ਲਈ ਵਿਨਿਯਮ ਬਣਾ ਸਕੇਗੀ।

**ਮੁਸ਼ਕਲਾਂ ਦੂਰ ਕਰਨ ਦੀਆਂ ਸ਼ਕਤੀਆਂ**

**65.** (1) ਜੇਕਰ ਇਸ ਕਾਨੂੰਨ ਦੀ ਉਪਬੰਧਾਂ ਦੀ ਪੂਰਤੀ ਵਿਚ ਕਿਸੇ ਪ੍ਰਕਾਰ ਦੀ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਕੇਂਦਰੀ ਸਰਕਾਰ ਹੁਕਮ ਰਾਹੀਂ ਆਉਂਦੀ ਮੁਸ਼ਕਿਲ ਨੂੰ ਦੂਰ ਕਰ ਸਕਦੀ ਹੈ ਜੋ ਕਿ ਇਸ ਕਾਨੂੰਨ ਦੇ ਉਪਬੰਧਾਂ ਦੇ ਅਨੁਰੂਪ ਨਾ ਹੋਵੇ।

ਪਰ ਸ਼ਰਤ ਇਹ ਹੈ ਕਿ ਅਜਿਹਾ ਕੋਈ ਹੁਕਮ ਇਸ ਕਾਨੂੰਨ ਦੇ ਆਰੰਭ ਤੋਂ ਦੋ ਸਾਲ ਖ਼ਤਮ ਹੋਣ ਦੇ ਸਮੇਂ ਤੋਂ ਬਾਅਦ ਨਹੀਂ ਕੀਤਾ ਜਾਵੇਗਾ ।

(2) ਇਸ ਧਾਰਾ ਅਧੀਨ ਕੀਤਾ ਹਰੇਕ ਹੁਕਮ ਇਸ ਦੇ ਜਾਰੀ ਹੋਣ ਬਾਅਦ ਜਿੰਨੀ ਜਲਦੀ ਹੋ ਸਕੇ, ਸੰਸਦ ਦੇ ਹਰੇਕ ਸਦਨ ਅੱਗੇ ਪੇਸ਼ ਕੀਤਾ ਜਾਵੇਗਾ ।

**ਸੁਭਾਸ ਸੀ. ਜੈਨ**
**ਸਕੱਤਰ, ਭਾਰਤ ਸਰਕਾਰ**